People's Herald | People's Herald



# "ਇਕੁਐਲਿਟੀ ਐਂਡ ਜਸਟਿਸ"

Rs- 100/month



https://www.facebook.com/profile.php?id=161037521061610

"Equality and Justice" | स्वतंत्रता, समानता, भाईचारा

PATIALA | On line paper | 09 ਜੁਲਾਈ 2025 ਬੁੱਧਵਾਰ "ਰੋਜ਼ਾਨਾ" ਸਾਲ ਚੌਥਾ | w.e.f. 15 August 2022 | ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ



**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

## ਪੰਜਾਬ ਵਿੱਚ ਕਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ, ਹਰ ਦਿਨ ਕਤਲ! ਬਸਪਾ ਹੀ ਪੰਜਾਬ ਸੰਭਾਲ ਸਕਦੀ ਹੈ-ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਫਗਵਾੜਾ ਦੇ ਨੌਜਵਾਨਾਂ ਦੀ ਟੀਮ ਨਾਲ ਮਹਲਪੁਰ ਵਿਖੇ,ਨੌਜਵਾਨਾਂ ਨੂੰ ਅਤੇ ਅੰਬੇਡਕਰੀਆਂ ਨੂੰ ਬਸਪਾ ਦੇ ਮੰਚ ਤੇ ਇੱਕਜੁੱਟ ਕਰਕੇ ਹੀ ਪੰਜਾਬ ਦੀ ਜਵਾਨੀ ਸੰਭਾਲੀ ਜਾ ਸਕਦੀ ਹੈ,ਨੌਜਵਾਨਾਂ ਦੀ ਟੀਮ ਨਾਲ ਪੰਜਾਬ ਸੰਭਾਲੋ ਮੁਹਿੰਮ ਦੀ ਸਫਲਤਾ ਲਈ ਵਿਚਾਰ ਚਰਚਾ ਹੋਈ ਇਸ ਮੌਕੇ ਚੌਧਰੀ ਗੁਰਨਾਮ ਸਿੰਘ ਪੰਜਾਬ ਬੀਐਸਪੀ ਦੇ ਕੋਆਰਡੀਨੇਟਰ ਵੀ ਮੌਜੂਦ ਸਨ

ਪੰਜਾਬ ਚ ਅਮਨ ਕਾਨੂੰਨ ਦੀ ਸਥਿਤੀ ਬੇਕਾਬੂ ਸਰਕਾਰ ਮੂਕ ਦਰਸ਼ਕ ਬਣੀ ਨਜ਼ਰ ਆ ਰਹੀ--ਪੰਜਾਬ ਸੰਭਾਲੋ ਮਹਿਮ ਦੀ ਸਫਲਤਾ ਹੀ ਇਸਦਾ ਹੱਲ, ਪੰਜਾਬ ਵਿੱਚ ਕਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ।ਭਗਵੰਤ ਮਾਨ ਜੀ ਅੱਜ ਵੀ ਚੁਟਕਲੇ ਤੇ ਕਹਾਵਤਾਂ ਸੁਣਾਉਣ ਵਿੱਚ ਮਸ਼ਰੂਫ਼ ਹਨ।



ਆਪ ਸਰਕਾਰ ਵੱਲੋਂ ਤਿੰਨ ਸਾਲਾਂ ਚ ਇਕ ਲੱਖ ਕਰੋੜ ਦਾ ਕਰਜ਼ਾ ਲੈਣ ਦਾ ਮਤਲਬ ਪੰਜਾਬ ਸਰਕਾਰ ਦੀਆਂ ਨੀਤੀਆਂ ਆਰਥਿਕ ਤੌਰ ਤੇ ਪਹਿਲੀਆਂ ਸਰਕਾਰਾਂ ਵਾਂਗ ਸੂਬੇ ਨੂੰ ਬਰਬਾਦ ਕਰਨ ਵਾਲੀਆਂ

ਪੰਜਾਬ ਸਰਕਾਰ ਵੱਲੋਂ 8500 ਕਰੋੜ ਦੇ ਕਰਜ਼ੇ ਦੀ ਮਨਜ਼ੂਰੀ ਮਿਲਣ ਤੇ ਜੋ ਖੁਸ਼ੀ ਪ੍ਰਗਟਾਈ ਜਾ ਰਹੀ ਆ ਇਹ ਪੰਜਾਬ ਦਾ ਦੁਖਾਂਤ ਜਿਹੜੇ ਸਾਰਾ ਕਰਜ਼ਾ ਖਤਮ ਕਰਨ ਦੀ ਗੱਲ ਕਰਦੇ ਸੀ ਉਹ ਹੁਣ ਇੱਕ ਲੱਖ ਕਰੋੜ ਦਾ ਕਰਜ਼ਾ ਤਿੰਨ ਸਾਲਾਂ ਚ ਲੈ ਕੇ ਖੁਸ਼ ਹੋ ਰਹੇ ਹਨ ਸੂਬਾ ਕਰਜਾਈ ਹੋ ਰਿਹਾ ਹੁਕਮਰਾਨ ਖੁਸ਼ ਹੋ ਰਿਹਾ ਇਸ ਤੋਂ ਪਹਿਲੀਆਂ ਸਰਕਾਰਾਂ ਅਕਾਲੀ ਭਾਜਪਾ ਤੇ ਕਾਂਗਰਸ ਨੇ 2 ਲਖ 74 ਹਜ਼ਾਰ ਕਰੋੜ ਦਾ ਕਰਜ਼ਾ ਪੰਜਾਬ ਸਿਰ ਚਾੜਿਆ ਸੀ ਅਤੇ ਆਮ ਪਾਰਟੀ ਦੀ ਸਰਕਾਰ ਨੇ ਇਹਦੇ ਵਿੱਚ ਇਕ ਲੱਖ ਕਰੋੜ ਦਾ ਤਿੰਨ ਸਾਲਾਂ ਚ ਵਾਧਾ ਕੀਤਾ ਹੈ,ਪੰਜਾਬ ਦੀ ਜਨਤਾ ਸਟੇਟ ਨੂੰ ਬਰਬਾਦ ਕਰਨ ਵਾਲਿਆਂ ਬਾਰੇ ਸੋਚੇ ਇਹਨਾਂ ਨੂੰ ਪੰਜਾਬ ਦੀ ਰਾਜਨੀਤੀ ਚ ਰੱਦ ਕਰੇ ਅਤੇ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣੇ ਤਾਂ ਕਿ ਪੰਜਾਬ ਨੂੰ ਇਸ ਸੰਕਟ ਚੋਂ ਕੱਢਿਆ ਜਾ ਸਕੇ

## ਕਿਸਾਨਾਂ ਦੀ ਫਸਲ ਜ਼ਬਰਦਸਤੀ ਖਰਾਬ ਕਰਨ ਦਾ ਨੈਸ਼ਨਲ ਹਾਈਵੇ ਅਥਾਰਟੀ ਤੇ ਦੋਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਗੁਰਦਾਸਪੁਰ, 8 ਜੁਲਾਈ 2025- ਕਿਸਾਨਾਂ ਅਤੇ ਪ੍ਰਸ਼ਾਸਨ ਖਿਲਾਫ ਇੱਕ ਵਾਰ ਮੁੜ ਤੋਂ ਵਿਵਾਦ ਭੱਖ ਗਿਆ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਦੇ ਅਧਿਕਾਰੀ ਪੁਲਿਸ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਜਿਲਾ ਗੁਰਦਾਸਪੁਰ ਦੇ ਕਸਬਾ ਸ਼੍ਰੀ ਹਰਗੋਬਿੰਦਪੁਰ ਨੇੜੇ ਪਿੰਡ ਨੰਗਲ ਝੋਰ ਵਿੱਚ ਕਿਸਾਨਾਂ ਦੀ ਜਮੀਨ ਤੇ ਕਬਜ਼ਾ ਲੈਣ ਪਹੁੰਚ ਗਏ। ਕਿਸਾਨਾਂ ਦਾ ਦੋਸ਼ ਹੈ ਕਿ ਪੋਖਲੈਨ ਅਤੇ ਹੋਰ ਮਸ਼ੀਨਾਂ ਸਮੇਤ ਕਬਜ਼ਾ ਲੈਣ ਪਹੁੰਚੇ ਨੈਸ਼ਨਲ ਹਾਈਵੇ ਅਥੋਰਟੀ ਦੇ ਅਧਿਕਾਰੀਆਂ ਨੇ ਉਨ੍ਹਾਂ ਦੇ ਖੇਤਾਂ ਵਿੱਚ ਲਗਾਈ ਗਈ ਝੋਨੇ ਦੀ ਫ਼ਸਲ ਨੂੰ ਤਬਾਹ ਕਰਨ ਤੋਂ ਬਾਅਦ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ ਅਤੇ



ਜਦੋਂ ਕਿਸਾਨਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਤਾਂ ਪੁਲਿਸ ਵੱਲੋਂ ਉਹਨਾਂ ਦੇ ਲਾਠੀ ਚਾਰਜ ਵੀ ਕੀਤਾ ਗਿਆ। ਜਮੀਨ ਮਾਲਕ ਕਿਸਾਨਾਂ ਦਾ ਕਹਿਣਾ ਹੈ ਕਿ ਇੱਥੋਂ ਦੇ ਕਿਸਾਨਾਂ ਨੂੰ ਜਮੀਨ ਦੇ ਪੈਸੇ ਸਰਕਾਰ ਵੱਲੋਂ ਨਹੀਂ ਦਿੱਤੇ ਗਏ ਹਨ। ਉੱਥੇ ਹੀ ਮੌਕੇ ਤੇ ਵੱਡੀ ਗਿਣਤੀ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਪਹੁੰਚੇ ਸ਼ੁਰੂ ਹੋ ਗਏ ਹਨ ਅਤੇ ਸੀਨੀਅਰ ਕਿਸਾਨ ਆਗੂ ਸਵਿੰਦਰ ਸਿੰਘ ਚੁਤਾਲਾ ਵੀ ਮੌਕੇ ਤੇ ਪਹੁੰਚ ਗਏ ਹਨ। ਕਿਸਾਨਾਂ ਵੱਲੋਂ ਨੈਸ਼ਨਲ ਹਾਈਵੇ ਅਥੋਰਟੀ ਦੀਆਂ ਮਸ਼ੀਨਾਂ ਉਥੋਂ ਹਿਲਣ ਨਹੀਂ ਦਿੱਤੀਆਂ ਜਾ ਰਹੀਆਂ। ਕਿਸਾਨ ਆਗੂ ਸਵਿੰਦਰ ਸਿੰਘ ਚੁਤਾਲਾ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕਈ ਵਾਰ ਮੀਟਿੰਗ ਹੋਈ ਅਤੇ ਪ੍ਰਸ਼ਾਸਨ ਨੇ ਮੰਨਿਆ ਕਿ ਜਿਨਾਂ ਜਮੀਨਾਂ ਦੇ ਪੈਸੇ ਦਿੱਤੇ ਜਾ ਚੁੱਕੇ ਹਨ ਉਹਨਾਂ ਤੇ ਹੀ ਕਬਜ਼ਾ ਕੀਤਾ ਜਾਏਗਾ ਪਰ ਪ੍ਰਸ਼ਾਸਨ ਆਪਣੀ ਗੱਲ ਤੋਂ ਮੁੱਕਰ ਰਿਹਾ ਹੈ ਕਿਸਾਨਾਂ ਦੀ ਜਮੀਨ ਹੀ ਨਹੀਂ ਫਸਲ ਵੀ ਖਰਾਬ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪਿੰਡ ਨੰਗਲ ਝੌਰ ਅਤੇ ਚੀਮਾ ਖੁੱਡੀ ਦੀ ਹੱਦ ਵਿੱਚ ਪੈਂਦੀ 25_30 ਏਕੜ ਜਮੀਨ ਹੈ , ਜਿਸ ਤੇ ਅੱਜ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਡਿਪਟੀ ਕਮਿਸ਼ਨਰ ਦੇ ਕਹਿਣ ਤੇ ਇਸ ਜਮੀਨ ਦੇ ਅਵਾਰਡ ਮੁੜ ਮੁਲਾਂਕਲ ਲਈ ਸਰਕਾਰ ਨੂੰ ਭੇਜੇ ਗਏ ਹਨ ਪਰ ਹਜੇ ਤੱਕ ਸਰਕਾਰ ਵੱਲੋਂ ਇਸ ਜਮੀਨ ਦਾ ਇੱਕ ਵੀ ਪੈਸਾ ਨਹੀਂ ਦਿੱਤਾ ਗਿਆ । ਜਦੋਂ ਤੱਕ ਜਮੀਨ ਦੇ ਅਵਾਰਡ ਬਾਰੇ ਸਹਿਮਤੀ ਨਹੀਂ ਬਣ ਜਾਂਦੀ ਜਮੀਨ ਤੇ ਕਬਜ਼ਾ ਨਹੀਂ ਕਰਨ ਦਿੱਤਾ ਜਾਏਗਾ ਜਿਨਾਂ ਕਿਸਾਨਾਂ ਨੂੰ ਪੈਸੇ ਮਿਲ ਚੁੱਕੇ ਹਨ ਅਤੇ ਉਹ ਜਮੀਨ ਪ੍ਰਸ਼ਾਸਨ ਦੇ ਹਵਾਲੇ ਕਰ ਚੁੱਕੇ ਹਨ , ਉਸ ਜਮੀਨ ਤੇ ਨੈਸ਼ਨਲ ਹਾਈਵੇ ਅਥੋਰਟੀ ਜੋ ਮਰਜ਼ੀ ਕਰੇ ਪਰ ਬਿਨਾਂ ਪੈਸੇ ਦਿੱਤੇ ਜਮੀਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਕੇ ਤੁਹਾਡੀ ਅਤੇ ਪ੍ਰਸ਼ਾਸਨ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰਣਗੇ ਤਾਂ ਇਸ ਦੇ ਜਿੰਮੇਵਾਰ ਆਪ ਹੋਣਗੇ।

## ਸ਼ਹਿਰ ਵਿਖੇ 240 ਕਰੋੜ ਰੁਪਏ ਦੇ 23 ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਨਾਲ ਆਵੇਗੀ ਮਹੱਤਵਪੂਰਨ ਤਬਦੀਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਪੰਜਾਬ ਦੀ ਮਾਨ ਸਰਕਾਰ ਦੇ ਯਤਨਾਂ ਨਾਲ ਸੁਲਤਾਨਪੁਰ ਲੋਧੀ ਸ਼ਹਿਰ ਦੀ ਨੁਹਾਰ ਬਦਲ ਜਾਵੇਗੀ ਅਤੇ ਸ਼ਹਿਰ ਵਿਖੇ ਅਤੀ ਆਧੁਨਿਕ ਸਹੂਲਤਾਂ ਉਪਲੱਬਧ ਹੋਣਗੀਆਂ। ਇਹ ਐਲਾਨ ਕਰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ 240 ਕਰੋੜ ਰੁਪਏ ਦੇ 23 ਪ੍ਰਾਜੈਕਟ ਸ਼ਹਿਰ ਦੇ ਜੀਵਨ ਪੱਧਰ ਨੂੰ ਮਹੱਤਵਪੂਰਨ ਢੰਗ ਨਾਲ ਵਧਾਉਣਗੇ, ਸ਼ਹਿਰੀ ਚੁਣੌਤੀਆਂ ਨੂੰ ਹੱਲ ਕਰਨਗੇ ਅਤੇ ਇੱਕ ਚੰਗੇਰੇ ਭਵਿੱਖ ਲਈ ਰਾਹ ਪੱਧਰਾ ਕਰਨਗੇ।

ਅੱਜ ਇੱਥੇ ਸਕੱਤਰੇਤ ਵਿਖੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਸਬੰਧਤ ਜ਼ਿਲ੍ਹਾ ਅਧਿਕਾਰੀਆਂ ਨਾਲ ਕੀਤੀ ਜਾਇਜ਼ਾ ਮੀਟਿੰਗ ਦੌਰਾਨ ਡਾ. ਰਵਜੋਤ ਸਿੰਘ ਨੇ ਸੁਲਤਾਨਪੁਰ ਲੋਧੀ ਸ਼ਹਿਰ ਨੂੰ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਇਸ ਪ੍ਰਾਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਆਦੇਸ਼ ਦਿੰਦਿਆਂ ਕਿਹਾ ਕਿ ਇਹ ਪ੍ਰਾਜੈਕਟ ਮੁਕੰਮਲ ਹੋ ਨਾਲ ਸੁਲਤਾਨਪੁਰ ਲੋਧੀ ਦੀ ਨੁਹਾਰ ਬਦਲ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਸੁਲਤਾਨਪੁਰ ਲੋਧੀ ਨੂੰ ਇੱਕ ਆਧੁਨਿਕ, ਕੁਸ਼ਲ ਅਤੇ ਰਹਿਣ ਯੋਗ ਸ਼ਹਿਰ ਵਿੱਚ ਬਦਲ ਦੇਵੇਗਾ, ਜਿਸ ਨਾਲ ਸਾਡੇ ਨਾਗਰਿਕਾਂ ਨੂੰ ਲਾਭ ਹੋਵੇਗਾ ਅਤੇ ਤਰੱਕੀ ਹੋਵੇਗੀ।

ਸੁਲਤਾਨਪੁਰ ਲੋਧੀ ਦੇ ਬੁਨਿਆਦੀ ਢਾਂਚੇ ਵਿੱਚ ਕ੍ਰਾਂਤੀ ਲਿਆਉਣ ਦਾ ਐਲਾਨ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ 29.57 ਕਰੋੜ ਰੁਪਏ ਦੇ 6 ਪ੍ਰਾਜੈਕਟ, ਜਿਨ੍ਹਾਂ ਵਿੱਚ ਪਾਣੀ ਦੀ ਸਪਲਾਈ ਅਤੇ ਸੀਵਰੇਜ, ਜੱਬੋਵਾਲ ਵਿਖੇ 4 ਐਮ.ਐਲ. ਡੀ. ਸੀਵਰੇਜ ਟ੍ਰੀਟਮੈਂਟ ਪਲਾਂਟ (ਐਸ.ਟੀ.ਪੀ.), ਬਿਜਲੀ ਬਚਾਉਣ ਲਈ ਸਰਕਾਰੀ ਇਮਾਰਤ ਉੱਤੇ ਸੋਲਰ ਪਾਵਰ ਪਲਾਂਟ, ਸਿੱਖਿਆ ਪ੍ਰਣਾਲੀ ਨੂੰ ਵਧਾਉਣ ਲਈ ਸਮਾਰਟ ਪ੍ਰਾਇਮਰੀ ਸਕੂਲ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ, 106.71 ਕਰੋੜ ਰੁਪਏ ਦੇ 12 ਪ੍ਰਾਜੈਕਟ ਲਾਗੂ ਕੀਤੇ ਜਾ ਰਹੇ ਹਨ।

## ਸੂਬੇ ਭਰ ਵਿੱਚ 180 ਬੱਸ ਅੱਡਿਆਂ 'ਤੇ ਤਲਾਸ਼ੀ ਮੁਹਿੰਮ ਚਲਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਪੰਜਾਬ ਪੁਲੀਸ ਨੇ ਸੂਬੇ ਭਰ ਵਿੱਚ 180 ਬੱਸ ਅੱਡਿਆਂ 'ਤੇ ਤਲਾਸ਼ੀ ਮੁਹਿੰਮ ਚਲਾਈ। ਯੁੱਧ ਨਸ਼ਿਆਂ ਵਿਰੁੱਧ' ਦੇ 129ਵੇਂ ਦਿਨ ਪੰਜਾਬ ਪੁਲਿਸ ਵੱਲੋਂ 111 ਨਸ਼ਾ ਤਸਕਰ ਗ੍ਰਿਫ਼ਤਾਰ; 41.3 ਕਿਲੋਗ੍ਰਾਮ ਹੈਰੋਇਨ, 1.7 ਕਿਲੋਗ੍ਰਾਮ ਅਫੀਮ ਬਰਾਮਦ, ਪੁਲਿਸ ਟੀਮਾਂ ਨੇ ਛੇ ਜ਼ਿਲ੍ਹਿਆਂ ਦੀਆਂ ਜੇਲ੍ਹਾਂ 'ਚ ਵੀ ਲਈ ਤਲਾਸ਼ੀ, ਇਹ ਮੁਹਿੰਮ ਡਾਇਰੈਕਟਰ ਜਨਰਲ ਆਫ਼ ਪੁਲਿਸ ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਚਲਾਈ ਗਈ। ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ

# ਸ਼ਾਹਕੋਟ ਥਾਣੇ ’ਚੋਂ ਕਬੱਡੀ ਖਿਡਾਰੀ ਦੀ ਮਿਲੀ ਲਾਸ਼

## 26 ਸਾਲਾ ਗੁਰਭੇਜ ਸਿੰਘ (ਸ਼ਾਹਕੋਟ) ਵਜੋਂ ਹੋਈ ਮ੍ਰਿਤਕ ਦੀ ਪਛਾਣ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜੁਲਾਈ INTERNATIONAL PAPER, 9463601616 hardipchumber57@gmail.com

ਪਿੰਡ ਬਾਜਵਾ ਕਲਾਂ ਦੇ ਰਹਿਣ ਵਾਲੇ ਇੱਕ ਸਾਬਕਾ ਕਬੱਡੀ ਖਿਡਾਰੀ ਦੀ ਸ਼ਾਹਕੋਟ ਥਾਣੇ ਦੇ ਅੰਦਰ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ। ਲਗਭਗ 3 ਦਿਨਾਂ ਬਾਅਦ, ਜਦੋਂ ਲਾਸ਼ ਸੜਨ ਕਾਰਨ ਬਦਬੂ ਆਉਣ ਲੱਗੀ, ਤਾਂ ਪੁਲਿਸ ਮੁਲਾਜ਼ਮਾਂ ਨੂੰ ਇਹ ਥਾਣੇ ਵਿੱਚ ਹੀ ਮਿਲੀ।

ਪ੍ਰਾਪਤ ਜਾਣਕਾਰੀ ਅਨੁਸਾਰ, ਗੁਰਭੇਜ ਸਿੰਘ ਭੇਜਾ (26 ਸਾਲ) ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਬਾਜਵਾ ਕਲਾਂ (ਸ਼ਾਹਕੋਟ) ਜੋ ਕਿ ਇੱਕ ਚੰਗਾ ਕਬੱਡੀ ਖਿਡਾਰੀ ਰਿਹਾ ਹੈ। ਇਹ ਨੌਜਵਾਨ ਪਿਛਲੇ ਕੁਝ ਮਹੀਨਿਆਂ ਤੋਂ ਸ਼ਾਹਕੋਟ ਥਾਣੇ ਵਿੱਚ ਕਰਮਚਾਰੀਆਂ ਨੂੰ ਚਾਹ-ਪਾਣੀ ਅਤੇ ਮਾਲਿਸ਼ ਕਰਦਾ ਸੀ। ਪਿਛਲੇ ਸ਼ੁੱਕਰਵਾਰ ਨੂੰ ਇਹ ਨੌਜਵਾਨ ਥਾਣੇ ਵਿੱਚ ਕੰਮ ਕਰਨ ਗਿਆ ਸੀ, ਪਰ ਘਰ ਵਾਪਸ ਨਹੀਂ ਆਇਆ। ਪਰਿਵਾਰਕ ਮੈਂਬਰਾਂ ਨੇ ਨੌਜਵਾਨ ਦੀ ਭਾਲ ਕੀਤੀ, ਪਰ ਉਹ ਕਿਤੇ ਨਹੀਂ ਮਿਲਿਆ। ਹਾਲ ਹੀ ਵਿੱਚ, ਜਦੋਂ ਪੁਲਿਸ ਮੁਲਾਜ਼ਮਾਂ ਨੇ ਲਾਸ਼ ਸੜਨ ਕਾਰਨ ਥਾਣੇ ਦੇ ਅੰਦਰ ਛੱਤ ਤੋਂ ਬਦਬੂ ਆਉਂਦੀ ਦੇਖੀ, ਤਾਂ ਦੇਖਿਆ ਕਿ ਨੌਜਵਾਨ ਦੀ ਲਾਸ਼ ਥਾਣੇ ਦੇ ਉੱਪਰ ਵਾਲੇ ਕਮਰੇ ਵਿੱਚ ਪਈ ਸੀ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਤਿੰਨ ਦਿਨਾਂ ਤੋਂ ਥਾਣੇ ਦੇ ਅੰਦਰ ਲਾਸ਼ ਪਈ ਹੋਣ ਦੇ ਬਾਵਜੂਦ, ਕਿਸੇ ਵੀ ਪੁਲਿਸ ਕਰਮਚਾਰੀ ਨੂੰ ਇਸ ਬਾਰੇ ਪਤਾ ਨਹੀਂ ਲੱਗਿਆ ਅਤੇ ਨਾ ਹੀ ਉਨ੍ਹਾਂ ਨੂੰ ਉਸ ਨਾਲ ਕੰਮ ਕਰਨ ਵਾਲੇ ਸਹਾਇਕ ਦੀ ਗ਼ੈਰਹਾਜ਼ਰੀ ਬਾਰੇ ਪਤਾ ਲੱਗਾ। ਲਾਸ਼ ਮਿਲਣ ‘ਤੇ ਪੁਲਿਸ ਨੇ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ। ਪੁਲਿਸ ਨੇ ਨੌਜਵਾਨ ਦਾ ਸਰਕਾਰੀ ਹਸਪਤਾਲ ਨਕੋਦਰ ਵਿਖੇ ਪੋਸਟਮਾਰਟਮ ਕਰਵਾਇਆ ਅਤੇ ਲਾਸ਼ ਨੂੰ ਸਸਕਾਰ ਲਈ ਵਾਰਸਾਂ ਦੇ ਹਵਾਲੇ ਕਰ ਦਿੱਤਾ। ਸਸਕਾਰ ਸਮੇਂ ਪਿੰਡ ਦੇ ਲੋਕਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੁਲਿਸ ਕਰਮਚਾਰੀ ਵੀ ਮੌਜੂਦ ਸਨ। ਨੌਜਵਾਨ ਦੀ ਮੌਤ ਦੀ ਖ਼ਬਰ ਮਿਲਦੇ ਹੀ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ



# ਬੀਤੇ 10 ਸਾਲਾਂ ‘ਚ ਅਪਰਾਧਿਕ ਪਿਛੋਕੜ ਵਾਲੇ 17,600 ਵਿਅਕਤੀ ਕੈਨੇਡਾ ਪੁੱਜੇ

## -ਆਵਾਸ ਵਿਭਾਗ ਵੱਲੋਂ ਜਾਰੀ ਅੰਕੜਿਆਂ ਵਿਚ ਹੋਇਆ ਖੁਲਾਸਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜੁਲਾਈ INTERNATIONAL PAPER, 9463601616 hardipchumber57@gmail.com

ਕੈਨੇਡਾ ਦੇ ਆਵਾਸ ਵਿਭਾਗ ਨੇ ਬੀਤੇ 10 ਸਾਲਾਂ ਦੌਰਾਨ ਅਪਰਾਧਿਕ ਪਿਛੋਕੜ ਵਾਲੇ 17,600 ਵਿਦੇਸ਼ੀਆਂ ਦੀਆਂ ਕੈਨੇਡਾ ਪੁੱਜਣ ਦੀਆਂ ਅਰਜ਼ੀਆਂ ਸਵੀਕਾਰ ਕੀਤੀਆਂ ਤੇ ਉਨ੍ਹਾਂ ਦਾ ਕੈਨੇਡਾ ਪੁੱਜਣ ‘ਤੇ ਸਵਾਗਤ ਕੀਤਾ। ਇਸ ਦਹਾਕੇ ਦੌਰਾਨ ਅਪਰਾਧਿਕ ਪਿਛੋਕੜ ਵਾਲੇ 25,350 ਵਿਅਕਤੀਆਂ ਨੇ ਅਰਜ਼ੀਆਂ ਭਰੀਆਂ, ਜਿਨ੍ਹਾਂ ‘ਚੋਂ 10 ਫੀਸਦੀ ਨੇ ਤਾਂ ਅਰਜ਼ੀਆਂ ਆਪੇ ਵਾਪਸ ਲੈ ਲਈਆਂ, ਜਦਕਿ 20 ਫੀਸਦੀ ਦੀਆਂ ਅਰਜ਼ੀਆਂ ਅਸਵੀਕਾਰ ਕਰਕੇ ਵੱਖ-ਵੱਖ ਵਰਗ ਦੀਆਂ 70 ਫੀਸਦੀ ਅਰਜ਼ੀਆਂ ਸਵੀਕਾਰ ਕਰ ਲਈਆਂ ਗਈਆਂ। ਅੰਕੜੇ ਜਾਰੀ ਕੀਤੇ ਜਾਣ ਮਗਰੋਂ ਬੀਤੇ 10 ਸਾਲਾਂ ਵਿਚ ਦੇਸ਼ ‘ਚ ਹੋਏ ਅਪਰਾਧਿਕ ਵਾਧੇ ਨੂੰ ਵੀ ਇਸੇ ਗੱਲ ਨਾਲ ਜੋੜ ਕੇ ਵੇਖਿਆ ਜਾਣ ਲੱਗਾ ਹੈ। ਸੰਪਰਕ ਕਰਨ ‘ਤੇ ਆਵਾਸ ਵਿਭਾਗ ਦੇ ਤਰਜਮਾਨ ਰੇਮੀ ਲੈਰੀਵੀਰੇ ਨੇ ਇਹ ਦੱਸਣ ਤੋਂ ਟਾਲਾ ਵੱਟਿਆ ਕਿ ਕੈਨੇਡਾ ਪੁੱਜਣ ‘ਤੇ ਇਨ੍ਹਾਂ ‘ਚੋਂ ਕਿੰਨਿਆਂ ‘ਤੇ ਅਪਰਾਧਿਕ ਮਾਮਲੇ ਦਰਜ ਹੋਏ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਉਨ੍ਹਾਂ ਦੀ ਪਹਿਲ ਹੈ। ਉਨ੍ਹਾਂ ਕਿਹਾ ਕਿ ਆਵਾਸ ਵਿਭਾਗ ਦੀਆਂ 2001 ਤੋਂ ਅਪਣਾਈਆਂ ਜਾ ਰਹੀਆਂ ਨੀਤੀਆਂ ਅਨੁਸਾਰ ਵੀਜ਼ਾ ਅਧਿਕਾਰੀ ਅਰਜ਼ੀਕਰਤਾ ਨੂੰ ਅਪਰਾਧ ਦੇ ਪੰਜ ਸਾਲ ਬਾਅਦ ਮੁੜ ਵਸੇਬੇ ਦਾ ਲਾਭ ਦਿੰਦਿਆਂ ਅਰਜ਼ੀ ਸਵੀਕਾਰ ਕਰ ਸਕਦਾ ਹੈ। ਅਜਿਹੇ ਵਿਅਕਤੀਆਂ ਕੋਲੋਂ ਲਿਖਤੀ ਲਿਆ ਜਾਂਦਾ ਹੈ ਕਿ ਉਹ ਕੈਨੇਡਾ ਪਹੁੰਚ ਕੇ ਕਿਸੇ ਵੀ ਗੈਰਕਨੂੰਨੀ ਗਤੀਵਿਧੀ ਵਿਚ ਸ਼ਾਮਲ ਨਹੀਂ ਹੋਏਗਾ। ਵਿਭਾਗ ‘ਚੋਂ ਸੇਵਾਮੁਕਤ ਹੋਏ ਅਧਿਕਾਰੀ ਨੇ ਕਿਹਾ ਕਿ ਇਸ ਅਹਿਦ ਦੇ ਆਧਾਰ ‘ਤੇ ਆਵਾਸ ਵਿਭਾਗ ਗੈਰਕਾਨੂੰਨੀ ਕੰਮ ਕਰਨ ਵਾਲੇ ਕਿਸੇ ਵੀ ਵਿਦੇਸ਼ੀ ਨੂੰ ਕਦੇ ਵੀ ਉਸ ਦੇ ਦੇਸ਼ ਵਾਪਸ ਭੇਜ (ਡਿਪੋਰਟ) ਸਕਦਾ ਹੈ, ਚਾਹੇ ਉਹ ਪੀ.ਆਰ. ਵੀ ਕਿਉਂ ਨਾ ਹੋ ਗਿਆ ਹੋਵੇ



# ਅੰਮ੍ਰਿਤਸਰ ਵਿੱਚ ਸਾਬਕਾ ਅਕਾਲੀ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜੁਲਾਈ INTERNATIONAL PAPER, 9463601616 hardipchumber57@gmail.com

ਅੰਮ੍ਰਿਤਸਰ ਦੇ ਰਾਜਾਸਾਂਸੀ ਅਧੀਨ ਪੈਂਦੇ ਪਿੰਡ ਸੈਦੂਪੁਰ ਦੇ ਸਾਬਕਾ ਸਰਪੰਚ ਅਤੇ ਅਕਾਲੀ ਆਗੂ ਪਲਵਿੰਦਰ ਸਿੰਘ ਦੀ ਸੋਮਵਾਰ-ਮੰਗਲਵਾਰ ਰਾਤ ਨੂੰ ਲਗਭਗ 12 ਵਜੇ ਦੇ ਕਰੀਬ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ, ਪੀੜਤ ਨੂੰ ਮਾਰਨ ਵਾਲਾ ਦੇਸ਼ੀ ਇੱਕ ਗੁਆਂਢੀ ਹੈ, ਜੋ ਆਪਣੇ ਸਹੁਰੇ ਘਰ ਰਹਿ ਰਿਹਾ ਸੀ। ਰਾਤ ਨੂੰ ਗੁਆਂਢੀ ਆਪਣੀ ਕਾਰ ਵਿੱਚ ਆਇਆ ਅਤੇ ਪਲਵਿੰਦਰ ਸਿੰਘ ਦੇ ਘਰ ਵੱਲ ਚਲਾ ਗਿਆ। ਇਹ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ, ਜਿਸ ਵਿੱਚ ਗੋਲੀਆਂ ਦੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਹੈ।

ਜਾਣਕਾਰੀ ਅਨੁਸਾਰ, ਦੇਸ਼ੀ ਨੇ ਪਲਵਿੰਦਰ ਸਿੰਘ ‘ਤੇ ਲਗਾਤਾਰ ਤਿੰਨ ਗੋਲੀਆਂ ਚਲਾਈਆਂ, ਜਿਸ ਨਾਲ ਉਸਦੀ ਮੌਕੇ ‘ਤੇ ਹੀ ਮੌਤ ਹੋ ਗਈ। ਗੋਲੀਬਾਰੀ ਤੋਂ ਬਾਅਦ ਦੇਸ਼ੀ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ ‘ਤੇ ਪਹੁੰਚ ਗਈ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ।

ਪੁਲਿਸ ਨੂੰ ਇਸ ਮਾਮਲੇ ਵਿੱਚ ਸੀਸੀਟੀਵੀ ਮਿਲਿਆ ਹੈ। ਜਿਸ ਦੇ ਆਧਾਰ ‘ਤੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਵੇਲੇ ਪਿੰਡ ਵਿੱਚ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ। ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮੁੱਢਲੀ ਜਾਂਚ ਵਿੱਚ ਕਤਲ ਦਾ ਕਾਰਨ ਪੁਰਾਣੀ ਆਪਸੀ ਰੰਜਿਸ਼ ਦੱਸੀ ਜਾ ਰਹੀ ਹੈ। ਪੁਲਿਸ ਸੀਸੀਟੀਵੀ ਫੁਟੇਜ ਅਤੇ ਚਸ਼ਮਦੀਦਾਂ ਦੇ ਬਿਆਨਾਂ ਦੇ ਆਧਾਰ ‘ਤੇ ਕਾਰਵਾਈ ਕਰ ਰਹੀ ਹੈ।



# ‘ਮੈਂ ਪਾਕਿਸਤਾਨੀ ਫ਼ੌਜ ਦਾ ਏਜੰਟ ਸੀ ਅਤੇ 26/11 ਦੇ ਹਮਲਿਆਂ ਦੌਰਾਨ ਮੁੰਬਈ ਵਿੱਚ ਸੀ’, ਤਹੱਵੁਰ ਰਾਣਾ ਨੇ ਖੋਲ੍ਹੇ ਰਾਜ਼

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜੁਲਾਈ INTERNATIONAL PAPER, 9463601616 hardipchumber57@gmail.com

26/11 ਮੁੰਬਈ ਹਮਲਿਆਂ ਦੇ ਮੁੱਖ ਸਾਜ਼ਿਸ਼ਕਰਤਾ ਤਹੱਵੁਰ ਹੁਸੈਨ ਰਾਣਾ ਨੇ 2008 ਵਿੱਚ ਹੋਏ ਅੱਤਵਾਦੀ ਹਮਲੇ ਬਾਰੇ ਕਈ ਵੱਡੇ ਰਾਜ਼ ਖੋਲ੍ਹੇ ਹਨ। ਰਾਣਾ ਇਸ ਸਮੇਂ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਦੀ ਹਿਰਾਸਤ ਵਿੱਚ ਹੈ ਅਤੇ ਮੁੰਬਈ ਪੁਲਿਸ ਦੀ ਅਪਰਾਧ ਸ਼ਾਖਾ ਨੇ ਉਸ ਤੋਂ ਪੁੱਛਗਿੱਛ ਕੀਤੀ ਹੈ। ਇਸ ਪੁੱਛਗਿੱਛ ਵਿੱਚ ਉਸ ਨੇ ਕਈ ਖੁਲਾਸੇ ਕੀਤੇ ਹਨ। ਰਾਣਾ ਨੇ ਦੱਸਿਆ ਕਿ ਉਸ ਨੇ ਹਮਲਿਆਂ ਦੇ ਮਾਸਟਰਮਾਈਂਡ ਡੇਵਿਡ ਕੋਲਮੈਨ ਹੈਡਲੀ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ ਵਰਗੇ ਮੁੱਖ ਨਿਸ਼ਾਨੇ ਦੀ ਪਛਾਣ ਕਰਨ ਵਿੱਚ ਮਦਦ ਕੀਤੀ ਸੀ।

ਰਾਣਾ ਨੇ ਦੱਸਿਆ ਕਿ ਉਸਨੇ 1986 ਵਿੱਚ ਪਾਕਿਸਤਾਨ ਦੇ ਰਾਵਲਪਿੰਡੀ ਵਿੱਚ ਆਰਮੀ ਮੈਡੀਕਲ ਕਾਲਜ ਤੋਂ ਐਮਬੀਬੀਐਸ ਕੋਰਸ ਪੂਰਾ ਕੀਤਾ ਸੀ ਅਤੇ ਕਵੇਟਾ ਵਿੱਚ ਪਾਕਿਸਤਾਨੀ ਫੌਜ ਵਿੱਚ ਕੈਪਟਨ ਡਾਕਟਰ ਵਜੋਂ ਨਿਯੁਕਤ ਕੀਤਾ ਗਿਆ ਸੀ। ਉਹ ਸਿੰਧ, ਬਲੋਚਿਸਤਾਨ, ਬਹਾਵਲਪੁਰ ਅਤੇ ਸਿਆਚਿਨ-ਬਲੋਤਰਾ ਵਰਗੇ ਸੰਵੇਦਨਸ਼ੀਲ ਖੇਤਰਾਂ ਵਿੱਚ ਤਾਇਨਾਤ ਸੀ। ਸਿਆਚਿਨ ਵਿੱਚ ਰਹਿੰਦੇ ਹੋਏ, ਰਾਣਾ ਨੂੰ ਪਲਮਨਰੀ ਐਡੀਮਾ ਨਾਮਕ ਬਿਮਾਰੀ ਹੋ ਗਈ, ਜਿਸ ਕਾਰਨ ਉਹ ਕੰਮ ‘ਤੇ ਨਹੀਂ ਪਹੁੰਚ ਸਕਿਆ ਅਤੇ ਬਾਅਦ ਵਿੱਚ ਉਸਨੂੰ ਭਗੌੜਾ ਐਲਾਨ ਦਿੱਤਾ ਗਿਆ।

ਰਾਣਾ ਨੇ ਪਹਿਲਾਂ ਕਿਹਾ ਸੀ ਕਿ ਉਹ ਅੱਤਵਾਦੀ ਸਾਜ਼ਿਸ਼ ਦਾ ਹਿੱਸਾ ਬਣਨ ਲਈ ਸਹਿਮਤ ਹੋ ਗਿਆ ਸੀ ਕਿਉਂਕਿ ਹੈਡਲੀ ਨੇ ਉਸਨੂੰ ਭਰੋਸਾ ਦਿੱਤਾ ਸੀ ਕਿ ਉਹ ਰਾਣਾ ਦਾ ਰਿਕਾਰਡ ਸਾਫ਼ ਕਰਨ ਵਿੱਚ ਮਦਦ ਕਰੇਗਾ। ਤਹੱਵੁਰ ਹੁਸੈਨ ਨੇ ਕਿਹਾ ਕਿ ਪਾਕਿਸਤਾਨੀ ਫੌਜ, ਜੋ ਅੱਤਵਾਦੀਆਂ ਦਾ ਸਮਰਥਨ ਕਰਦੀ ਹੈ, ਨੇ ਉਸ ‘ਤੇ ਭਰੋਸਾ ਕੀਤਾ ਅਤੇ ਖਾੜੀ ਯੁੱਧ ਦੌਰਾਨ ਉਸਨੂੰ ਇੱਕ ਗੁਪਤ ਮਿਸ਼ਨ ‘ਤੇ ਸਾਊਦੀ ਅਰਬ ਵੀ ਭੇਜਿਆ। ਕੈਨੇਡਾ ਵਿੱਚ ਰਹਿਣ ਤੋਂ ਪਹਿਲਾਂ, ਉਹ ਜਰਮਨੀ, ਬ੍ਰਿਟੇਨ ਅਤੇ ਅਮਰੀਕਾ ਵਿੱਚ ਵੀ ਰਿਹਾ ਸੀ ਅਤੇ ਮੀਟ ਪ੍ਰੋਸੈਸਿੰਗ, ਰੀਅਲ ਅਸਟੇਟ ਅਤੇ ਕਰਿਆਨੇ ਦਾ ਕਾਰੋਬਾਰ ਚਲਾਉਂਦਾ ਸੀ।

ਰਾਣਾ ਅਤੇ ਹੈਡਲੀ ਨੇ 1974 ਅਤੇ 1979 ਦੇ ਵਿਚਕਾਰ ਹਸਨ ਅਬਦਾਲ ਕੈਡੇਟ ਕਾਲਜ ਵਿੱਚ ਪੜ੍ਹਾਈ ਕੀਤੀ। ਹੈਡਲੀ ਦੀ ਮਾਂ ਇੱਕ ਅਮਰੀਕੀ ਸੀ ਅਤੇ ਉਸਦਾ ਪਿਤਾ ਇੱਕ ਪਾਕਿਸਤਾਨੀ ਨਾਗਰਿਕ ਸੀ। ਰਾਣਾ ਨੇ ਕਿਹਾ ਕਿ ਹੈਡਲੀ ਆਪਣੀ ਮਤਰੇਈ ਮਾਂ ਨਾਲ ਮਤਭੇਦ ਤੋਂ ਬਾਅਦ ਅਮਰੀਕਾ ਭੱਜ ਗਿਆ ਅਤੇ ਆਪਣੀ ਜੈਵਿਕ ਮਾਂ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਰਾਣਾ ਨੇ ਕਿਹਾ ਹੈ ਕਿ ਹੈਡਲੀ ਨੇ 2003 ਅਤੇ 2004 ਦੇ ਵਿਚਕਾਰ ਤਿੰਨ ਲਸ਼ਕਰ-ਏ-ਤੋਇਬਾ ਸਿਖਲਾਈ ਕੈਂਪਾਂ ਵਿੱਚ ਹਿੱਸਾ ਲਿਆ। ਰਾਣਾ ਨੇ ਕਿਹਾ ਹੈ ਕਿ ਹੈਡਲੀ ਨੇ ਉਸਨੂੰ ਦੱਸਿਆ ਸੀ ਕਿ ਲਸ਼ਕਰ ਇੱਕ ਵਿਚਾਰਧਾਰਕ ਸੰਗਠਨ ਨਾਲੋਂ ਇੱਕ ਜਾਸੂਸੀ ਨੈੱਟਵਰਕ ਸੀ।

ਮੁੰਬਈ ਹਮਲੇ ਦੇ ਮਾਮਲੇ ਵਿੱਚ NIA ਚਾਰਜਸ਼ੀਟ ਵਿੱਚ ਕਿਹਾ ਗਿਆ ਹੈ ਕਿ ਹੈਡਲੀ ਨੇ ਇਮੀਗ੍ਰੇਂਟ ਲਾਅ ਸੈਂਟਰ ਨਾਮਕ ਕੰਪਨੀ ਦੇ ਪ੍ਰਤੀਨਿਧੀ ਵਜੋਂ ਦਿੱਲੀ, ਮੁੰਬਈ, ਜੈਪੁਰ, ਪੁਸ਼ਕਰ, ਪੁਣੇ ਅਤੇ ਗੋਆ ਸਮੇਤ ਕਈ ਸ਼ਹਿਰਾਂ ਦਾ ਦੌਰਾ ਕੀਤਾ। ਰਾਣਾ ਨੇ ਕ੍ਰਾਈਮ ਬ੍ਰਾਂਚ ਨੂੰ ਦੱਸਿਆ ਕਿ ਇਹ ਕੰਪਨੀ ਸਥਾਪਤ ਕਰਨ ਦਾ ਵਿਚਾਰ ਉਸ ਦਾ ਸੀ, ਜਿਸਨੂੰ ਇੱਕ ਔਰਤ ਚਲਾਉਂਦੀ ਸੀ। ਇਸਦਾ ਦਫ਼ਤਰ ਹਮਲਿਆਂ ਤੋਂ ਪਹਿਲਾਂ ਅੱਤਵਾਦੀਆਂ ਦੀ ਨਿਗਰਾਨੀ ਨੂੰ ਸਮਰੱਥ ਬਣਾਉਣ ਲਈ ਇੱਕ ਫਰੰਟ ਵਜੋਂ ਕੰਮ ਕਰਦਾ ਸੀ।

ਰਾਣਾ ਨੇ ਖੁਲਾਸਾ ਕੀਤਾ ਹੈ ਕਿ ਉਹ ਨਵੰਬਰ 2008 ਵਿੱਚ ਭਾਰਤ ਆਇਆ ਸੀ ਅਤੇ ਅੱਤਵਾਦੀ ਹਮਲਿਆਂ ਤੋਂ ਠੀਕ ਪਹਿਲਾਂ 20 ਅਤੇ 21 ਤਰੀਕ ਨੂੰ ਮੁੰਬਈ ਦੇ ਪੋਵਈ ਦੇ ਇੱਕ ਹੋਟਲ ਵਿੱਚ ਠਹਿਰਿਆ ਸੀ। ਉਹ ਹਮਲੇ ਤੋਂ ਪਹਿਲਾਂ ਦੁਬਈ ਰਾਹੀਂ ਬੀਜਿੰਗ ਲਈ ਰਵਾਨਾ ਹੋ ਗਿਆ ਸੀ। 2023 ਵਿੱਚ ਅਪਰਾਧ ਸ਼ਾਖਾ ਵੱਲੋਂ ਦਾਇਰ 405 ਪੰਨਿਆਂ ਦੀ ਪੂਰਕ ਚਾਰਜਸ਼ੀਟ ਵਿੱਚ ਕਿਹਾ ਗਿਆ ਹੈ ਕਿ ਰਾਣਾ ਨੇ ਹੈਡਲੀ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ ਵਰਗੇ ਭੀੜ-ਭੜੱਕੇ ਵਾਲੇ ਸਥਾਨਾਂ ਬਾਰੇ ਜਾਣਕਾਰੀ ਇਕੱਠੀ ਕਰਨ ਵਿੱਚ ਮਦਦ ਕੀਤੀ ਸੀ। 14 ਗਵਾਹਾਂ ਨੇ ਉਸਦੀ ਭੂਮਿਕਾ ਦੀ ਪੁਸ਼ਟੀ ਕੀਤੀ ਹੈ।

ਅੱਤਵਾਦੀਆਂ ਦੀ ਮਦਦ ਕਰਨ ਵਾਲੇ ਜਾਅਲੀ ਦਸਤਾਵੇਜ਼ਾਂ ਬਾਰੇ ਪੁੱਛੇ ਜਾਣ ‘ਤੇ, ਰਾਣਾ ਨੇ ਇਸ ਲਈ ਭਾਰਤੀ ਦੂਤਾਵਾਸ ਨੂੰ ਜ਼ਿੰਮੇਵਾਰ ਠਹਿਰਾਇਆ। ਹਾਲਾਂਕਿ, ਜਾਂਚ ਵਿੱਚ ਖੁਲਾਸਾ ਹੋਇਆ ਕਿ ਰਾਣਾ ਨੇ ਜਾਅਲੀ ਦਸਤਾਵੇਜ਼ਾਂ ਰਾਹੀਂ ਹੈਡਲੀ ਨੂੰ ਭਾਰਤ ਵਿੱਚ ਦਾਖਲ ਹੋਣ ਵਿੱਚ ਮਦਦ ਕੀਤੀ ਸੀ। ਰਾਣਾ ਨੇ ਪਾਕਿਸਤਾਨੀ ਅਧਿਕਾਰੀਆਂ ਸਾਜਿਦ ਮੀਰ, ਅਬਦੁਲ ਰਹਿਮਾਨ ਪਾਸ਼ਾ ਅਤੇ ਮੇਜਰ ਇਕਬਾਲ ਨੂੰ ਜਾਣਨ ਦੀ ਗੱਲ ਕਬੂਲ ਕੀਤੀ ਹੈ। ਇਨ੍ਹਾਂ ਅਧਿਕਾਰੀਆਂ ‘ਤੇ ਹਮਲਿਆਂ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਇਹ ਖੁਲਾਸਾ ਹੋਇਆ ਹੈ ਕਿ ਉਸਨੇ ਲਸ਼ਕਰ-ਏ-ਤੋਇਬਾ ਅਤੇ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਨਾਲ ਸਰਗਰਮੀ ਨਾਲ ਤਾਲਮੇਲ ਕੀਤਾ ਸੀ



# ਬਿਕਰਮ ਸਿੰਘ ਮਜੀਠੀਆ ਕੇਸ ‘ਚ ਵੱਡਾ ਅਪਡੇਟ: ਨਹੀਂ ਮਿਲੀ ਰਾਹਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜੁਲਾਈ INTERNATIONAL PAPER, 9463601616 hardipchumber57@gmail.com

ਪੰਜਾਬ ਦੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਘੱਟ ਹੋਣ ਦੀ ਥਾਂ ਵਧਦੀਆਂ ਜਾ ਰਹੀਆਂ ਹਨ। ਮੋਹਾਲੀ ਅਦਾਲਤ ਵੱਲੋਂ ਉਨ੍ਹਾਂ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ‘ਚ ਭੇਜ ਦਿੱਤਾ ਗਿਆ ਹੈ। ਹੁਣ ਉਹ 19 ਜੁਲਾਈ ਤੱਕ ਨਵੀਂ ਨਾਭਾ ਜੇਲ੍ਹ ਵਿੱਚ ਰਹਿਣਗੇ।

ਮਜੀਠੀਆ ਨੇ ਆਪਣੀ ਗਿਰਫ਼ਤਾਰੀ ਅਤੇ ਰਿਮਾਂਡ ਦੇ ਵਿਰੋਧ ‘ਚ ਪੰਜਾਬ-ਹਰਿਆਣਾ ਹਾਈਕੋਰਟ ‘ਚ ਪਟੀਸ਼ਨ ਦਾਇਰ ਕੀਤੀ ਸੀ, ਪਰ ਉਨ੍ਹਾਂ ਨੂੰ ਉੱਥੋਂ ਵੀ ਕੋਈ ਤੁਰੰਤ ਰਾਹਤ ਨਹੀਂ ਮਿਲੀ। ਅਗਲੀ ਸੁਣਵਾਈ 29 ਜੁਲਾਈ ਨੂੰ ਹੋਵੇਗੀ।

ਪਹਿਲਾਂ ਮਜੀਠੀਆ ਨੂੰ 7 ਦਿਨਾਂ ਅਤੇ ਫਿਰ 4 ਦਿਨਾਂ ਦੀ ਵਿਜੀਲੈਂਸ ਰਿਮਾਂਡ ‘ਤੇ ਰੱਖਿਆ ਗਿਆ ਸੀ, ਜਿਸ ਤੋਂ ਬਾਅਦ ਹੁਣ 14 ਦਿਨ ਦੀ ਨਿਆਂਇਕ ਹਿਰਾਸਤ ਮਿਲੀ ਹੈ।

# ਪਟਿਆਲਾ ‘ਚ ਡਾਇਰੀਆ ਦਾ ਕਹਿਰ, 60 ਸਾਲਾ ਔਰਤ ਦੀ ਮੌਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜੁਲਾਈ INTERNATIONAL PAPER, 9463601616 hardipchumber57@gmail.com

ਪਟਿਆਲਾ ਵਿੱਚ ਡਾਇਰੀਆ ਦੀ ਲਪੇਟ ਵਿੱਚ ਆਉਣ ਕਾਰਨ ਇੱਕ ਔਰਤ ਦੀ ਮੌਤ ਹੋ ਗਈ ਹੈ। ਮ੍ਰਿਤਕ ਮਹਿਲਾ ਦੀ ਪਛਾਣ ਨਿਰਮਲਾ ਉਮਰ 60 ਸਾਲ ਵਜੋਂ ਹੋਈ ਹੈ। ਵਾਰਡ ਨੰਬਰ 15 ‘ਚ ਮੌਤਾਂ ਦਾ ਅੰਕੜਾ ਚਾਰ ਹੋ ਗਿਆ ਹੈ। ਇਸਤੋਂ ਇਲਾਵਾ ਹੁਣ ਤੱਕ 105 ਮਾਮਲੇ ਸਾਹਮਣੇ ਆਏ ਹਨ।

ਦੱਸ ਦੇਈਏ ਕਿ ਦਿਨੀ ਇੱਕ ਬੱਚਾ ਤੇ ਇੱਕ ਔਰਤ ਦੀ ਮੌਤ ਹੋ ਗਈ ਸੀ । ਇਸਤੋਂ ਪਹਿਲਾਂ ਬੀਤੇ ਦਿਨ ਫੋਕਲ ਪੁਆਇੰਟ ਨੇੜੇ ਵੀ ਦਸਤ ਦੇ 35 ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਿਹਤ ਵਿਭਾਗ ਵਿੱਚ ਹੜਕੰਪ ਮਚ ਗਿਆ। ਇਨ੍ਹਾਂ ਵਿੱਚੋਂ ਅੱਠ ਮਰੀਜ਼ ਮਾਤਾ ਕੌਸ਼ਲਿਆ ਹਸਪਤਾਲ ਵਿੱਚ ਦਾਖਲ ਹਨ। ਸਿਵਲ ਸਰਜਨ ਡਾ. ਜਗਪਾਲ ਇੰਦਰ ਸਿੰਘ ਨੇ ਉਪਰੋਕਤ ਮਾਮਲੇ ਦੀ ਪੁਸ਼ਟੀ ਕੀਤੀ ਸੀ।



ਮ੍ਰਿਤਕ ਨਿਰਮਲਾ (60)

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਬਦਕਿਸਮਤੀ ਨਾਲ ਮੈਂ ਇੱਕ ਅਛੂਤ ਹਿੰਦੂ ਵਜੋਂ ਪੈਦਾ ਹੋਇਆ ਸੀ, ਪਰ ਮੈਂ ਇਸ ਤਰ੍ਹਾਂ ਨਹੀਂ ਮਰਾਂਗਾ।

ਦਸ ਸਾਲਾਂ ਦੇ ਅਣਥੱਕ ਯਤਨਾਂ ਤੋਂ ਬਾਅਦ, ਡਾ. ਬੀ. ਆਰ. ਅੰਬੇਡਕਰ ਨੇ ਰਾਜਨੀਤਿਕ ਅਤੇ ਸਮਾਜਿਕ ਸਥਿਤੀ ਦੀ ਸਮੀਖਿਆ ਕਰਨ ਲਈ ਐਤਵਾਰ, 13 ਅਕਤੂਬਰ 1935 ਨੂੰ ਯੇਓਲਾ (ਜ਼ਿਲ੍ਹਾ ਨਾਸਿਕ) ਵਿੱਚ ਦਲਿਤ ਵਰਗ ਦਾ ਇੱਕ ਸੰਮੇਲਨ ਬੁਲਾਉਣ ਦਾ ਫੈਸਲਾ ਕੀਤਾ।



ਸ਼ਨੀਵਾਰ, 12 ਅਕਤੂਬਰ 1935 ਨੂੰ, ਡਾ. ਅੰਬੇਡਕਰ ਦਾ ਨਾਸਿਕ ਪਹੁੰਚਣ 'ਤੇ ਬਹੁਤ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਇੱਕ ਵੱਡੇ ਜਲੂਸ ਵਿੱਚ ਨਾਸਿਕ ਸ਼ਹਿਰ ਲਿਜਾਇਆ ਗਿਆ। ਉਨ੍ਹਾਂ ਨੇ ਨਾਸਿਕ ਸ਼ਹਿਰ ਵਿੱਚ ਰੀਡਿੰਗ ਰੂਮ ਦਾ ਉਦਘਾਟਨ ਕੀਤਾ।

ਇਸ ਮੌਕੇ 'ਤੇ ਉਨ੍ਹਾਂ ਨੇ ਕਿਹਾ, "ਤੁਸੀਂ ਸਵੈ-ਸਹਾਇਤਾ ਵਿੱਚ ਵਿਸ਼ਵਾਸ ਰੱਖਦੇ ਹੋ। ਤੁਹਾਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਪਵੇਗਾ ਅਤੇ ਆਪਣੀ ਤਰੱਕੀ ਲਈ ਸੰਘਰਸ਼ ਕਰਨਾ ਪਵੇਗਾ। ਜੇਕਰ ਅਚਾਨਕ ਮੇਰੇ ਨਾਲ ਕੁਝ ਅਣਸੁਖਾਵਾਂ ਵਾਪਰ ਜਾਂਦਾ ਹੈ ਜਾਂ ਮੈਂ ਉੱਥੇ ਨਹੀਂ ਹਾਂ, ਤਾਂ ਤੁਹਾਨੂੰ ਮੇਰੇ ਤੋਂ ਬਾਅਦ ਵੀ ਸੰਘਰਸ਼ ਜਾਰੀ ਰੱਖਣਾ ਪਵੇਗਾ।"

ਰਾਤ 9 ਵਜੇ ਹੀਰਾਲਾਲ ਗਲੀ, ਰਵੀਵਰ ਪੇਠ ਵਿੱਚ ਇੱਕ ਅੰਤਰ-ਜਾਤੀ ਡਿਨਰ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਸਿਰਫ਼ ਇੱਕ ਕਾਂਗਰਸੀ, ਸ਼੍ਰੀ ਦੇਸ਼ ਪਾਂਡੇ, ਸ਼ਾਮਲ ਹੋਏ।

ਐਤਵਾਰ, 13 ਅਕਤੂਬਰ 1935 ਨੂੰ, ਡਾ. ਅੰਬੇਡਕਰ ਵਿੰਚੁਰ ਗਏ ਅਤੇ ਉੱਥੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ, ਜਦੋਂ ਉਹ ਯੇਓਲਾ ਜਾ ਰਹੇ ਸਨ, ਤਾਂ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਪੂਰੇ ਰਸਤੇ ਵਿੱਚ ਸਵਾਗਤ ਕੀਤਾ। ਯੇਓਲਾ ਨਗਰਪਾਲਿਕਾ ਨੇ ਸਵੇਰੇ ਡਾ. ਬੀ. ਆਰ. ਅੰਬੇਡਕਰ ਨੂੰ ਸਨਮਾਨ ਪੱਤਰ ਪੇਸ਼ ਕੀਤਾ। ਸਨਮਾਨ ਪੱਤਰ ਦਾ ਜਵਾਬ ਦਿੰਦੇ ਹੋਏ, ਡਾ. ਅੰਬੇਡਕਰ ਨੇ ਕਿਹਾ-

"ਹੁਣ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਅਛੂਤਾਂ ਦੇ ਰਵੱਈਏ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ ਅਤੇ ਅਛੂਤਾਂ ਦੇ ਆਪਣੇ ਅਧਿਕਾਰਾਂ ਲਈ ਨਿਰੰਤਰ ਸੰਘਰਸ਼ ਦੇ ਬਾਵਜੂਦ, ਉਨ੍ਹਾਂ ਦੇ ਵਿਵਹਾਰ ਵਿੱਚ ਕੋਈ ਪਿਆਰ ਨਹੀਂ ਹੈ। ਇਸ ਲਈ ਅਸੀਂ ਹਿੰਦੂਆਂ ਤੋਂ ਵੱਖ ਰਹਿਣ, ਸਵੈ-ਨਿਰਭਰ ਹੋਣ ਅਤੇ ਸੰਘਰਸ਼ ਰਾਹੀਂ ਸਫਲ ਹੋਣ ਦਾ ਫੈਸਲਾ ਕੀਤਾ ਹੈ।"

13 ਅਕਤੂਬਰ 1935 ਨੂੰ ਰਾਤ 10 ਵਜੇ, ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਲਗਭਗ 10,000 ਅਛੂਤਾਂ ਨੇ ਯੇਓਲਾ ਵਿੱਚ ਹੋਏ ਸੰਮੇਲਨ ਵਿੱਚ ਸ਼ਿਰਕਤ ਕੀਤੀ। ਇਸ ਸੰਮੇਲਨ ਵਿੱਚ ਹੈਦਰਾਬਾਦ ਰਾਜ ਅਤੇ ਕੇਂਦਰੀ ਪ੍ਰਾਂਤ ਦੇ ਪ੍ਰਤੀਨਿਧੀ ਵੀ ਮੌਜੂਦ ਸਨ। ਰਿਸੈਪਸ਼ਨ ਕਮੇਟੀ ਦੇ ਚੇਅਰਮੈਨ, ਅਮਿਤ ਰਾਓ ਰਣਖਾਂਬੇ ਨੇ ਦਲਿਤ ਵਰਗ ਦੇ ਸ਼ਾਨਦਾਰ ਪ੍ਰਦਰਸ਼ਨ ਅਤੇ ਭਵਿੱਖ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਦਿਲਚਸਪੀ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ, "ਨਿਘਰਦੇ ਹਿੰਦੂ ਧਰਮ ਨੂੰ ਬ੍ਰਾਹਮਣਵਾਦ ਕਹਿਣਾ ਸਹੀ ਸੀ ਕਿਉਂਕਿ ਦਰਜਾਬੰਦੀ ਵਾਲੇ ਸਮਾਜ ਦੇ ਨਾਮ 'ਤੇ, ਇਹ ਸਿਰਫ ਬ੍ਰਾਹਮਣ ਸਰਵਉੱਚਤਾ ਦਾ ਸਨਮਾਨ ਅਤੇ ਲਾਭ ਕਰਦਾ ਹੈ"।

ਡਾ. ਬੀ.ਆਰ. ਅੰਬੇਡਕਰ ਨੇ ਬਹੁਤ ਸੰਵੇਦਨਸ਼ੀਲਤਾ ਅਤੇ ਭਾਵਨਾ ਨਾਲ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ, ਜੀਵਨ ਦੇ ਹਰ ਖੇਤਰ ਵਿੱਚ ਦਲਿਤਾਂ ਦੇ ਗੰਭੀਰ ਪਛੜੇਪਣ ਦਾ ਵਰਣਨ ਕਰਨ ਵਿੱਚ ਲਗਭਗ 12 ਘੰਟੇ ਬਿਤਾਏ, ਭਾਵੇਂ ਉਹ ਵਿੱਤੀ, ਸਮਾਜਿਕ, ਵਿਦਿਅਕ ਜਾਂ ਰਾਜਨੀਤਿਕ ਹੋਵੇ, ਅਤੇ ਹਿੰਦੂ ਰਹਿੰਦਿਆਂ ਹਿੰਦੂ ਭਾਈਚਾਰੇ ਦੇ ਲੋਕਾਂ ਤੋਂ ਘੱਟੋ-ਘੱਟ ਮਨੁੱਖੀ ਅਧਿਕਾਰਾਂ ਦੀ ਮੰਗ ਕਰਨ ਲਈ ਹਿੰਦੂਤਵ ਦੀ ਅਗਵਾਈ ਹੇਠ ਦਲਿਤਾਂ ਦੁਆਰਾ ਕੀਤੀਆਂ ਗਈਆਂ ਮਹਾਨ ਕੁਰਬਾਨੀਆਂ ਨੂੰ ਯਾਦ ਕੀਤਾ। ਉਨ੍ਹਾਂ ਨੇ ਕਾਲਾਰਾਮ ਮੰਦਰ ਪ੍ਰਵੇਸ਼ ਅੰਦੋਲਨ ਦਾ ਜ਼ਿਕਰ ਕੀਤਾ ਜਿੱਥੇ ਪਿਛਲੇ ਪੰਜ ਸਾਲਾਂ ਵਿੱਚ ਦਲਿਤਾਂ ਨਾਲ ਅਣਮਨੁੱਖੀ ਵਿਵਹਾਰ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਕਿਵੇਂ ਹਿੰਦੂ ਸਮਾਜ ਵਿੱਚ ਘੱਟੋ-ਘੱਟ ਬੁਨਿਆਦੀ ਅਧਿਕਾਰਾਂ ਅਤੇ ਸਮਾਨਤਾ ਲਈ ਉਨ੍ਹਾਂ ਦੀ ਗੱਲਬਾਤ ਅਤੇ ਸੰਘਰਸ਼ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ ਸੀ। ਬਾਬਾ ਸਾਹਿਬ ਨੇ ਕਿਹਾ ਕਿ ਉਹ ਬਹੁਤ ਦੁੱਖ ਨਾਲ ਇਸ ਹਕੀਕਤ ਨੂੰ ਸਮਝਦੇ ਹਨ ਕਿ ਅਸੀਂ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਜੋ ਸਮਾਂ, ਪੈਸਾ ਅਤੇ ਯਤਨ ਖਰਚ ਕੀਤੇ ਸਨ ਉਹ ਸਭ ਵਿਅਰਥ ਗਏ।

ਉਨ੍ਹਾਂ ਕਿਹਾ ਕਿ ਮੇਰਾ ਸੁਝਾਅ ਹੈ ਕਿ ਸਮੱਸਿਆ ਨੂੰ ਹੱਲ ਕਰਨ ਲਈ ਅੰਤਿਮ ਫੈਸਲਾ ਲੈਣ ਦਾ ਸਮਾਂ ਆ ਗਿਆ ਹੈ। ਅਸੀਂ ਜਿਨ੍ਹਾਂ ਅਪੰਗਤਾਵਾਂ ਦਾ ਸਾਹਮਣਾ ਕਰ ਰਹੇ ਹਾਂ ਅਤੇ ਜਿਸ ਨਫ਼ਰਤ ਦਾ ਅਸੀਂ ਸਾਹਮਣਾ ਕਰਦੇ ਹਾਂ ਉਹ ਸਿਰਫ ਸਾਡੇ ਹਿੰਦੂ ਹੋਣ ਕਾਰਨ ਹੈ। ਉਨ੍ਹਾਂ ਨੇ ਦਰਸ਼ਕਾਂ ਨੂੰ ਪੁੱਛਿਆ ਕਿ ਕੀ ਉਨ੍ਹਾਂ ਲਈ ਇਸ ਧਰਮ ਨੂੰ ਛੱਡਣਾ ਅਤੇ ਕੋਈ ਹੋਰ ਧਾਰਮਿਕ ਵਿਸ਼ਵਾਸ ਅਪਣਾਉਣਾ ਬਿਹਤਰ ਨਹੀਂ ਹੋਵੇਗਾ ਜਿੱਥੇ ਉਨ੍ਹਾਂ ਨੂੰ ਸਮਾਨਤਾ, ਸੁਰੱਖਿਆ ਅਤੇ ਨਿਆਂਪੂਰਨ ਅਧਿਕਾਰ ਮਿਲਦੇ ਹਨ।

ਬਹੁਤ ਹੀ ਗੰਭੀਰ ਸੁਰ ਵਿੱਚ, ਉਸਨੇ ਦਰਸ਼ਕਾਂ ਨੂੰ ਹਿੰਦੂ ਧਰਮ ਨਾਲੋਂ ਸਾਰੇ ਸੰਬੰਧ ਤੋੜਨ ਤੋਂ ਬਾਅਦ ਕਿਸੇ ਹੋਰ ਧਰਮ ਵਿੱਚ ਸ਼ਰਨ ਲੈ ਕੇ ਰਾਹਤ ਅਤੇ ਸਵੈ-ਮਾਣ ਦੀ ਭਾਲ ਕਰਨ ਲਈ ਉਤਸ਼ਾਹਿਤ ਕੀਤਾ। ਪਰ ਉਸਨੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਕਿ ਉਨ੍ਹਾਂ ਨੂੰ ਇੱਕ ਨਵਾਂ ਧਾਰਮਿਕ ਵਿਸ਼ਵਾਸ ਚੁਣਨ ਵਿੱਚ ਸਾਵਧਾਨ ਰਹਿਣਾ ਚਾਹੀਦਾ ਹੈ ਤਾਂ ਜੋ ਅਮਲ ਵਿੱਚ, ਸਮਾਨਤਾ, ਮਾਣ ਅਤੇ ਮੌਕੇ ਸ਼ਰਤਬੱਧ ਨਾ ਹੋਣ।

ਡਾ. ਅੰਬੇਡਕਰ ਨੇ ਆਪਣੇ ਨਿੱਜੀ ਫੈਸਲੇ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਦਕਿਸਮਤੀ ਨਾਲ ਉਹ ਇੱਕ ਅਛੂਤ ਹਿੰਦੂ ਦੇ ਘਰ ਪੈਦਾ ਹੋਏ ਸਨ। ਇਸਨੂੰ ਰੋਕਣਾ ਉਨ੍ਹਾਂ ਦੀ ਸ਼ਕਤੀ ਵਿੱਚ ਨਹੀਂ ਸੀ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸਵਤੰਤਰਤਾ, ਸਮਾਨਤਾ, ਭਾਈਚਾਰਾ
Rs- 100/month

ਪਰ ਉਹ ਜਨਮ ਤੋਂ ਹੀ ਇੱਕ ਨੀਵੀਂ ਅਤੇ ਅਪਮਾਨਜਨਕ ਸਥਿਤੀ ਵਿੱਚ ਰਹਿਣਾ ਸਵੀਕਾਰ ਨਹੀਂ ਕਰਦੇ ਅਤੇ ਅਜਿਹਾ ਕਰਨਾ ਉਨ੍ਹਾਂ ਦੀ ਸ਼ਕਤੀ ਵਿੱਚ ਹੈ। ਉਸਨੇ ਗਰਜ ਕੇ ਕਿਹਾ, "ਮੈਂ ਤੁਹਾਨੂੰ ਸਾਰਿਆਂ ਨੂੰ ਪੂਰੀ ਗੰਭੀਰਤਾ ਨਾਲ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਹਿੰਦੂ ਨਹੀਂ ਮਰਾਂਗਾ। ਅੰਤ ਵਿੱਚ, ਉਸਨੇ ਆਪਣੇ ਲੋਕਾਂ ਨੂੰ ਕਾਲਾਰਾਮ ਮੰਦਰ ਸੱਤਿਆਗ੍ਰਹਿ ਨੂੰ ਰੋਕਣ ਲਈ ਕਿਹਾ ਕਿਉਂਕਿ ਪਿਛਲੇ ਪੰਜ ਸਾਲਾਂ ਵਿੱਚ, ਤਾਨਾਸ਼ਾਹ ਅਛੂਤ ਹਿੰਦੂਆਂ ਨੇ ਰੁਕਾਵਟਾਂ ਪੈਦਾ ਕੀਤੀਆਂ ਹਨ ਅਤੇ ਸਾਡੇ ਯਤਨਾਂ ਨੂੰ ਅਸਫਲ ਕੀਤਾ ਹੈ ਅਤੇ ਆਪਣੇ ਕੰਮਾਂ ਲਈ ਕੋਈ ਪਛਤਾਵਾ ਨਹੀਂ ਦਿਖਾਇਆ ਹੈ, ਇਸ ਤਰ੍ਹਾਂ ਇਸ ਅੰਦੋਲਨ ਦੀ ਵਿਅਰਥਤਾ ਨੂੰ ਉਜਾਗਰ ਕੀਤਾ ਹੈ। ਉਸਨੇ ਆਪਣੇ ਲੋਕਾਂ ਨੂੰ ਉਤਸ਼ਾਹਿਤ ਕੀਤਾ ਅਤੇ ਕਿਹਾ ਕਿ ਭਵਿੱਖ ਵਿੱਚ ਉਨ੍ਹਾਂ ਦਾ ਆਚਰਣ ਅਜਿਹਾ ਹੋਣਾ ਚਾਹੀਦਾ ਹੈ ਕਿ ਬਾਹਰੀ ਦੁਨੀਆ ਵਿੱਚ ਕਿਸੇ ਨੂੰ ਵੀ ਤੁਹਾਡੇ ਹਿੰਦੂ ਭਾਈਚਾਰੇ ਤੋਂ ਵੱਖ ਹੋਣ ਅਤੇ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਨਾਲ ਕੋਈ ਸਬੰਧ ਨਾ ਹੋਣ ਬਾਰੇ ਕੋਈ ਸ਼ੱਕ ਨਾ ਹੋਵੇ। ਇਸ ਤਰ੍ਹਾਂ, ਤੁਹਾਨੂੰ ਇੱਕ ਸੁਤੰਤਰ ਨਾਗਰਿਕ ਵਜੋਂ ਆਪਣੇ ਲਈ ਇੱਕ ਢੁਕਵਾਂ ਭਵਿੱਖ ਬਣਾਉਣਾ ਚਾਹੀਦਾ ਹੈ।

ਇਸ ਅਨੁਸਾਰ, ਪੂਰੀ ਚਰਚਾ ਤੋਂ ਬਾਅਦ, ਦਲਿਤਾਂ ਦੀ ਸਮਾਜਿਕ ਸਮਾਨਤਾ ਦੀ ਮੰਗ ਅਤੇ ਅਪਰਾਧ ਪ੍ਰਤੀ ਉਨ੍ਹਾਂ ਦੀ ਨਿਰਪੱਖਤਾ ਪ੍ਰਤੀ ਛੂਤ ਹਿੰਦੂਆਂ ਦੇ ਬੇਰਹਿਮ ਤਰੀਕੇ ਨਾਲ ਵਿਵਹਾਰ ਕਰਨ ਦੀ ਮਾਨਸਿਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਇੱਕ ਮਤਾ ਪਾਸ ਕੀਤਾ ਗਿਆ। ਇਸ ਦੇ ਤਹਿਤ, ਇਹ ਹੁਕਮ ਦਿੱਤਾ ਗਿਆ ਕਿ ਦਲਿਤ ਵਰਗ ਦੀ ਦਸ ਸਾਲ ਲੰਬੀ ਮੁਹਿੰਮ ਨੂੰ ਰੋਕਿਆ ਜਾਵੇ ਤਾਂ ਜੋ ਅਛੂਤਾਂ ਦੀ ਸ਼ਾਨ ਨੂੰ ਬਹਾਲ ਕਰਨ ਅਤੇ ਇੱਕ ਸ਼ਕਤੀਸ਼ਾਲੀ ਸਮਾਜ ਬਣਾਉਣ ਲਈ ਦੋਵਾਂ ਭਾਈਚਾਰਿਆਂ ਨੂੰ ਮਜ਼ਬੂਤ ਅਤੇ ਮਜ਼ਬੂਤ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਉਸਨੇ ਤਾਕੀਦ ਕੀਤੀ ਅਛੂਤਾਂ ਨੂੰ ਆਪਣੀ ਊਰਜਾ ਅਸਫਲ ਕੋਸ਼ਿਸ਼ਾਂ ਵਿੱਚ ਬਰਬਾਦ ਨਾ ਕਰਨ, ਸਗੋਂ ਉੱਚ ਦਰਜਾ ਅਤੇ ਮਾਣ ਪ੍ਰਾਪਤ ਕਰਨ ਅਤੇ ਭਾਰਤ ਦੇ ਹੋਰ ਭਾਈਚਾਰਿਆਂ ਨਾਲ ਸਮਾਨਤਾ ਦੇ ਆਧਾਰ 'ਤੇ ਆਪਣੇ ਲਈ ਇੱਕ ਸੁਤੰਤਰ ਸਥਾਨ ਬਣਾਉਣ ਲਈ ਸਮਰਪਿਤ ਕਰਨ।'

**ਲੇਖ ਦਾ ਬਾਕੀ ਭਾਗ ਕੱਲ੍ਹ.....**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

# ਉਹ ਸਮਾਜ ਜੋ ਹਿੰਦੂਆਂ ਬਣਾਇਆ

ਬਾਬਾ ਸਾਹਿਬ ਡਾ. ਅੰਬੇਡਕਰ

ਲੜੀ ਵਾਰ ਭਾਗ ਨੌਵਾਂ

## (ਕੱਲ੍ਹ ਦੇ ਲੇਖ ਦਾ ਬਾਕੀ ਭਾਗ)

ਇਸ ਲਈ ਜਾਤ ਹਿੰਦੂ ਸਮਾਜਿਕ ਸੰਗਠਨ ਵਿੱਚ ਇੱਕ ਵਿਸ਼ੇਸ਼ ਵਿਸ਼ੇਸ਼ਤਾ ਹੈ, ਜੋ ਹਿੰਦੂਆਂ ਨੂੰ ਦੂਜਿਆਂ ਤੋਂ ਵੱਖਰਾ ਕਰਦੀ ਹੈ। ਜਾਤ ਇੱਕ ਵਧਦੀ ਸੰਸਥਾ ਰਹੀ ਹੈ। ਇਹ ਹਮੇਸ਼ਾ ਇੱਕੋ ਜਿਹੀ ਨਹੀਂ ਰਹੀ। ਮੈਗਾਸਥੀਨੀਜ਼ ਦੁਆਰਾ ਆਪਣਾ ਵਰਣਨ ਲਿਖਣ ਸਮੇਂ ਜਾਤ ਦਾ ਰੂਪ ਅਲਬੇਰੂਨੀ ਦੇ ਆਉਣ ਦੇ ਸਮੇਂ ਤੋਂ ਬਹੁਤ ਵੱਖਰਾ ਸੀ। ਪੁਰਤਗਾਲੀਆਂ ਦੁਆਰਾ ਦੇਖਿਆ ਗਿਆ ਜਾਤ ਦਾ ਰੂਪ ਅਲਬੇਰੂਨੀ ਦੇ ਸਮੇਂ ਤੋਂ ਵੱਖਰਾ ਸੀ। ਪਰ ਜਾਤ ਨੂੰ ਸਮਝਣ ਲਈ ਸਾਨੂੰ ਇਿਹਨਾਂ ਵਿਦੇਸ਼ੀ ਲੋਕਾਂ ਦੇ ਵਰਣਨ ਤੋਂ ਪ੍ਰਾਪਤ ਹੋਣ ਵਾਲੇ ਇਸਦੀ ਪ੍ਰਕਿਰਤੀ ਬਾਰੇ ਵਧੇਰੇ ਸਹੀ ਜਾਣਕਾਰੀ ਪ੍ਰਾਪਤ ਕਰਨੀ ਪਵੇਗੀ।

ਜਾਤ ਬਾਰੇ ਚਰਚਾ ਨੂੰ ਸਮਝਣ ਲਈ ਪਾਠਕਾਂ ਨੂੰ ਕੁਝ ਬੁਨਿਆਦੀ ਸੰਕਲਪਾਂ ਤੋਂ ਜਾਣੂ ਕਰਵਾਉਣਾ ਜ਼ਰੂਰੀ ਹੈ ਜੋ ਹਿੰਦੂ ਸਮਾਜਿਕ ਸੰਗਠਨ ਵਿੱਚ ਨਿਹਿਤ ਹਨ। ਹਿੰਦੂਆਂ ਵਿੱਚ ਪ੍ਰਚਲਿਤ ਸਮਾਜਿਕ ਸੰਗਠਨ ਦੀ ਮੂਲ ਧਾਰਨਾ ਵਰਣ ਪ੍ਰਣਾਲੀ ਦੀ ਉਤਪਤੀ ਤੋਂ ਸ਼ੁਰੂ ਹੁੰਦੀ ਹੈ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਇਸਨੇ ਹਿੰਦੂ ਸਮਾਜ ਨੂੰ ਵੰਡਿਆ ਹੈ। ਇਹ ਚਾਰ ਵਰਣ ਹਨ: (1) ਬ੍ਰਾਹਮਣ, ਪੁਜਾਰੀ ਅਤੇ ਪੜ੍ਹਿਆ-ਲਿਖਿਆ ਵਰਗ (2) ਖੱਤਰੀ, ਸਿਪਾਹੀ ਵਰਗ, (3) ਵੈਸ਼, ਵਪਾਰੀ ਵਰਗ, ਅਤੇ (4) ਸ਼ੂਦਰ, ਗੁਲਾਮ ਵਰਗ। ਕੁਝ ਸਮੇਂ ਲਈ ਉਹ ਸਿਰਫ਼ ਵਰਗ ਹੀ ਸਨ। ਕੁਝ ਸਮੇਂ ਬਾਅਦ ਜੋ ਸਿਰਫ਼ ਵਰਗ (ਵਰਣ) ਸਨ, ਉਹ ਜਾਤਾਂ ਬਣ ਗਈਆਂ। ਚਾਰ ਜਾਤਾਂ ਚਾਰ ਹਜ਼ਾਰ ਜਾਤਾਂ ਬਣ ਗਈਆਂ। ਇਸ ਤਰ੍ਹਾਂ, ਆਧੁਨਿਕ ਜਾਤ ਪ੍ਰਣਾਲੀ ਪ੍ਰਾਚੀਨ ਜਾਤ ਪ੍ਰਣਾਲੀ ਦਾ ਇੱਕ ਵਿਕਸਤ ਰੂਪ ਹੈ।



ਬਿਨਾਂ ਸ਼ੱਕ, ਜਾਤ ਪ੍ਰਣਾਲੀ ਜਾਤ ਪ੍ਰਣਾਲੀ ਦਾ ਇੱਕ ਵਿਕਸਤ ਰੂਪ ਹੈ, ਪਰ ਅਸੀਂ ਜਾਤ ਪ੍ਰਣਾਲੀ ਦਾ ਅਧਿਐਨ ਕਰਕੇ ਜਾਤ ਪ੍ਰਣਾਲੀ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਕਰ ਸਕਦੇ। ਜਾਤ ਨੂੰ ਇੱਕ ਪਾਸੇ ਰੱਖ ਕੇ ਅਧਿਐਨ ਕਰਨਾ ਪੈਂਦਾ ਹੈ।

II

ਇਹ ਕਿਹਾ ਜਾਂਦਾ ਹੈ ਕਿ ਇੱਕ ਪ੍ਰਾਚੀਨ ਨਾਸਤਿਕ ਨੇ ਆਪਣੇ ਦਰਸ਼ਨ ਦੀ ਵਿਆਖਿਆ ਕਰਨ ਤੋਂ ਬਾਅਦ, ਅੰਤ ਵਿੱਚ ਕਿਹਾ:

ਮੈਂ ਸਿਰਫ਼ ਇਹ ਜਾਣਦਾ ਹਾਂ ਕਿ ਮੈਂ ਕੁਝ ਨਹੀਂ ਜਾਣਦਾ, ਅਤੇ ਮੈਂ ਪੂਰੇ ਵਿਸ਼ਵਾਸ ਨਾਲ ਇਹ ਵੀ ਨਹੀਂ ਕਹਿ ਸਕਦਾ ਕਿ ਮੈਂ ਇਹ ਜਾਣਦਾ ਹਾਂ।

ਪੰਜਾਬ ਦੀ ਜਾਤ ਪ੍ਰਣਾਲੀ ਬਾਰੇ ਲਿਖਦੇ ਹੋਏ, ਸਰ ਡੇਂਜ਼ਿਲ ਇਬੇਟਸਨ ਨੇ ਕਿਹਾ ਕਿ ਇਸ ਨਾਸਤਿਕ ਨੇ ਉੱਪਰ ਆਪਣੇ ਬਾਰੇ ਜੋ ਵੀ ਕਿਹਾ ਹੈ, ਇਹੀ ਸ਼ਬਦ ਜਾਤ ਬਾਰੇ ਮੇਰੀ ਆਪਣੀ ਰਾਏ ਵੀ ਪ੍ਰਗਟ ਕਰਦੇ ਹਨ। ਸੱਚਾਈ ਇਹ ਹੈ ਕਿ ਸਥਾਨਕ ਸਥਿਤੀਆਂ ਦੇ ਕਾਰਨ, ਜਾਤ ਦੀ ਧਾਰਨਾ ਵਿੱਚ ਬਹੁਤ ਅੰਤਰ ਹੈ। ਇੱਕ ਜਗ੍ਹਾ 'ਤੇ ਉਪਲਬਧ ਜਾਤ ਬਾਰੇ ਪੂਰੀ ਨਿਸ਼ਚਤਤਾ ਨਾਲ ਕੁਝ ਵੀ ਕਹਿਣਾ ਬਹੁਤ ਮੁਸ਼ਕਲ ਹੈ, ਕਿਉਂਕਿ ਉਕਤ ਤੱਥ ਨੂੰ ਦੂਜੀ ਜਗ੍ਹਾ 'ਤੇ ਉਪਲਬਧ ਉਸੇ ਜਾਤ ਬਾਰੇ ਬਰਾਬਰ ਤਾਕਤ ਨਾਲ ਰੱਦ ਕੀਤਾ ਜਾ ਸਕਦਾ ਹੈ।

ਭਾਵੇਂ ਇਹ ਸੱਚ ਹੈ, ਪਰ ਜਾਤ ਦੀਆਂ ਜ਼ਰੂਰੀ ਅਤੇ ਬੁਨਿਆਦੀ ਵਿਸ਼ੇਸ਼ਤਾਵਾਂ ਅਤੇ ਇਸ ਦੀਆਂ ਗੈਰ-ਜ਼ਰੂਰੀ ਅਤੇ ਸਤਹੀ ਵਿਸ਼ੇਸ਼ਤਾਵਾਂ ਵਿੱਚ ਫਰਕ ਕਰਨਾ ਔਖਾ ਨਹੀਂ ਹੈ। ਸ਼੍ਰੀ ਭੱਟਾਚਾਰੀਆ ਨੇ ਉਹਨਾਂ ਕਾਰਨਾਂ ਨੂੰ ਨਿਰਧਾਰਤ ਕਰਨ ਦਾ ਇੱਕ ਆਸਾਨ ਤਰੀਕਾ ਦੱਸਿਆ ਹੈ ਜਿਨ੍ਹਾਂ ਕਰਕੇ ਇੱਕ ਵਿਅਕਤੀ ਨੂੰ ਬਾਹਰ ਰੱਖਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਸੇ ਖਾਸ ਜਾਤ ਤੋਂ ਬਾਹਰ ਕੀਤੇ ਜਾਣ ਦੇ ਹੇਠ ਲਿਖੇ ਕਾਰਨਾਂ ਦੀ ਸੂਚੀ ਦਿੱਤੀ ਹੈ: (1) ਈਸਾਈ ਧਰਮ ਜਾਂ ਇਸਲਾਮ ਵਿੱਚ ਧਰਮ ਪਰਿਵਰਤਨ ਕਰਨਾ, (2) ਯੂਰਪ ਜਾਂ ਅਮਰੀਕਾ ਦੀ ਯਾਤਰਾ ਕਰਨਾ, (3) ਕਿਸੇ ਵਿਧਵਾ ਨਾਲ ਵਿਆਹ ਕਰਨਾ, (4) ਖੁੱਲ੍ਹੇਆਮ ਪਵਿੱਤਰ ਧਾਗਾ ਸੁੱਟਣਾ, (5) ਖੁੱਲ੍ਹੇਆਮ ਬੀਫ ਜਾਂ ਸੂਰ ਦਾ ਮਾਸ ਖਾਣਾ, (6) ਖੁੱਲ੍ਹੇਆਮ ਕਿਸੇ ਮੁਸਲਮਾਨ, ਈਸਾਈ ਜਾਂ ਨੀਵੀਂ ਜਾਤੀ ਦੇ ਹਿੰਦੂ ਦੁਆਰਾ ਤਿਆਰ ਕੀਤਾ ਕੱਚਾ ਭੋਜਨ ਖਾਣਾ, (7) ਸਭ ਤੋਂ ਨੀਵੀਂ ਜਾਤੀ ਦੇ ਸ਼ੂਦਰ ਦੇ ਘਰ ਕੰਮ ਕਰਨਾ, (8) ਇੱਕ ਔਰਤ ਅਨੈਤਿਕ ਉਦੇਸ਼ਾਂ ਲਈ ਘਰੋਂ ਬਾਹਰ ਜਾਣਾ, ਅਤੇ (9) ਇੱਕ ਵਿਧਵਾ ਦਾ ਗਰਭਵਤੀ ਹੋਣਾ। ਇਹ ਸੂਚੀ ਸੰਪੂਰਨ ਨਹੀਂ ਹੈ ਅਤੇ ਜਾਤ ਤੋਂ ਬਾਹਰ ਕੀਤੇ ਜਾਣ ਦੇ ਸਭ ਤੋਂ ਮਹੱਤਵਪੂਰਨ ਕਾਰਨਾਂ ਨੂੰ ਛੱਡ ਦਿੰਦੀ ਹੈ। ਉਹ ਹਨ: (10) ਅੰਤਰ-ਜਾਤੀ ਵਿਆਹ, (11) ਕਿਸੇ ਹੋਰ ਜਾਤੀ ਦੇ ਵਿਅਕਤੀ ਨਾਲ ਖਾਣਾ-ਪੀਣਾ, ਅਤੇ (12) ਕਿੱਤਾ ਬਦਲਣਾ। ਸ਼੍ਰੀ ਭੱਟਾਚਾਰੀਆ ਦੇ ਬਿਆਨ ਵਿੱਚ ਦੂਜਾ ਨੁਕਸ ਇਹ ਹੈ ਕਿ ਇਹ ਜ਼ਰੂਰੀ ਅਤੇ ਗੈਰ-ਜ਼ਰੂਰੀ ਕਾਰਨਾਂ ਵਿੱਚ ਫ਼ਰਕ ਨਹੀਂ ਕਰਦਾ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਛੇਕਿਆ ਜਾਂਦਾ ਹੈ, ਤਾਂ ਸਜ਼ਾ ਇੱਕੋ ਜਿਹੀ ਹੁੰਦੀ ਹੈ। ਉਸਦੇ ਦੋਸਤ, ਰਿਸ਼ਤੇਦਾਰ ਅਤੇ ਜਾਤੀ-ਭਰਾ ਉਸਦੀ ਮਹਿਮਾਨ ਨਿਵਾਜ਼ੀ ਸਵੀਕਾਰ ਨਹੀਂ ਕਰਦੇ। ਉਸਨੂੰ ਜਸ਼ਨਾਂ ਲਈ ਉਨ੍ਹਾਂ ਦੇ ਘਰ ਨਹੀਂ ਬੁਲਾਇਆ ਜਾਂਦਾ। ਉਹ ਆਪਣੇ ਬੱਚਿਆਂ ਦਾ ਵਿਆਹ ਨਹੀਂ ਕਰਵਾ ਸਕਦਾ। ਉਸਦੀਆਂ ਵਿਆਹੀਆਂ ਧੀਆਂ ਵੀ ਛੇਕਿਆ ਜਾਣ ਦੇ ਡਰੋਂ ਉਸਨੂੰ ਮਿਲਣ ਨਹੀਂ ਆ ਸਕਦੀਆਂ। ਪੁਜਾਰੀ, ਨਾਈ ਅਤੇ ਧੋਬੀ ਉਸਦੇ ਘਰ ਨਹੀਂ ਆਉਂਦੇ। ਉਸਦੇ ਜਾਤੀ-ਭਰਾ ਉਸ ਨਾਲ ਇਸ ਹੱਦ ਤੱਕ ਸਬੰਧ ਤੋੜ ਲੈਂਦੇ ਹਨ ਕਿ ਜੇਕਰ ਉਸਦੇ ਪਰਿਵਾਰ ਵਿੱਚ ਕੋਈ ਮਰ ਜਾਂਦਾ ਹੈ, ਤਾਂ ਉਹ ਅੰਤਿਮ ਸੰਸਕਾਰ ਵਿੱਚ ਸ਼ਾਮਲ ਨਹੀਂ ਹੁੰਦੇ। ਕਈ ਵਾਰ ਛੇਕਿਆ ਗਿਆ ਵਿਅਕਤੀ ਨੂੰ ਜਨਤਕ ਮੰਦਰਾਂ ਅਤੇ ਸ਼ਮਸ਼ਾਨਘਾਟਾਂ ਵਿੱਚ ਦਾਖਲ ਹੋਣ ਦੀ ਵੀ ਇਜਾਜ਼ਤ ਨਹੀਂ ਹੁੰਦੀ।

**ਲੇਖ ਦਾ ਬਾਕੀ ਭਾਗ ਕੱਲ੍ਹ.....**

# ਜਾਣੋ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਤੇ PM Jan Arogya Yojana ਵਿੱਚ ਕੀ ਹੈ ਫ਼ਰਕ

## ਪੰਜਾਬ ਸਰਕਾਰ ਦੇਵੇਗੀ 10 ਲੱਖ ਰੁਪਏ ਤਕ ਦਾ ਮੁਫ਼ਤ ਇਲਾਜ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਲੱਖਾਂ ਪਰਿਵਾਰਾਂ ਲਈ ਵੱਡੀ ਯੋਜਨਾ ਦਾ ਐਲਾਨ ਕਰ ਦਿੱਤਾ ਹੈ। ਹੁਣ "ਮੁੱਖ ਮੰਤਰੀ ਸਿਹਤ ਬੀਮਾ ਯੋਜਨਾ" ਤਹਿਤ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ, ਕੈਸ਼ਲੈਸ ਇਲਾਜ ਮਿਲੇਗਾ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਹੁਣ ਪੰਜਾਬ ਦਾ ਹਰ ਪਰਿਵਾਰ ਚਿੰਤਾ ਮੁਕਤ ਹੋ ਕੇ ਇਲਾਜ ਕਰਵਾ ਸਕੇਗਾ। ਪਹਿਲਾਂ ਨੀਲੇ-ਪੀਲੇ ਕਾਰਡਾਂ ਦੀ ਲੋੜ ਸੀ, ਹੁਣ ਹਰ ਪੰਜਾਬੀ




ਲਾਭਪਾਤਰੀ ਹੋਵੇਗਾ।

ਉਥੇ ਹੀ ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ ਵਿੱਚ ਸੈਕੰਡੀਰ ਅਤੇ ਤੀਸਰੀ ਦੇਖਭਾਲ ਹਸਪਤਾਲ ਵਿੱਚ ਭਰਤੀ ਪਰਿਵਾਰ ਨੂੰ ਸਾਲ ਵਿੱਚ 5 ਲੱਖ ਰੁਪਏ ਤੱਕ ਕਵਰ ਮਿਲੇਗਾ। ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ ਨਾਲ 50 ਕਰੋੜ ਤੋਂ ਵੱਧ ਲੋਕਾਂ ਲਾਭ ਮਿਲੇਗਾ। PMJAY ਸੇਵਾ ਦੇ ਸਥਾਨ 'ਤੇ ਲਾਭਪਾਤਰੀ ਲਈ ਸੇਵਾਵਾਂ ਤੱਕ ਨਕਦੀ ਰਹਿਤ ਅਤੇ ਕਾਗਜ਼ ਰਹਿਤ ਪਹੁੰਚ ਪ੍ਰਦਾਨ ਕਰੇਗਾ।

ਆਯੁਸ਼ਮਾਨ ਭਾਰਤ ਪ੍ਰਾਇਮਰੀ ਪੱਧਰ 'ਤੇ ਸਿਹਤ ਅਤੇ ਤੰਦਰੁਸਤੀ ਕੇਂਦਰਾਂ (HWCs) ਦੀ ਪਹੁੰਚ ਅਤੇ ਜਨਤਕ ਅਤੇ ਨਿੱਜੀ ਦੋਵਾਂ ਖੇਤਰਾਂ ਨਾਲ ਜੁੜਾਅ ਰਾਹੀਂ ਸੈਕੰਡਰੀ ਅਤੇ ਤੀਜੇ ਪੱਧਰ 'ਤੇ ਇਲਾਜ ਦੇਖਭਾਲ ਤੱਕ ਪਹੁੰਚ ਲਈ ਵਿੱਤੀ ਸੁਰੱਖਿਆ ਦੀ ਵਿਵਸਥਾ ਦੁਆਰਾ ਯੂਨੀਵਰਸਲ ਹੈਲਥਕੇਅਰ ਦੇ ਪ੍ਰਮੋਸ਼ਨਲ, ਰੋਕਥਾਮ, ਇਲਾਜ, ਉਪਚਾਰਕ ਅਤੇ ਪੁਨਰਵਾਸ ਪਹਿਲੂਆਂ ਵੱਲ ਇੱਕ ਪ੍ਰਗਤੀ ਹੈ।

ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ (PM-JAY) ਹੈ ਜੋ ਗਰੀਬ ਅਤੇ ਕਮਜ਼ੋਰ ਪਰਿਵਾਰਾਂ ਨੂੰ ਸੈਕੰਡਰੀ ਅਤੇ ਤੀਜੇ ਪੱਧਰ ਦੀ ਦੇਖਭਾਲ ਲਈ ਸਿਹਤ ਸੁਰੱਖਿਆ ਕਵਰ ਪ੍ਰਦਾਨ ਕਰਦਾ ਹੈ।

# ਪੈਨਸ਼ਨਰਜ ਐਸੋਸੀਏਸ਼ਨ ਡਵੀਜਨ ਬੰਗਾ ਵਲੋਂ ਮਹੀਨਾਵਾਰ ਮੀਟਿੰਗ ਸਮੇਂ ਦੇਸ਼ ਵਿਆਪੀ ਹੜਤਾਲ ਦਾ ਕੀਤਾ ਸਮਰਥਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਬੰਗਾ( ਚਰਨਜੀਤ ਸੱਲ੍ਹਾਂ (ਪੈਨਸ਼ਨਰਜ ਐਸੋਸੀਏਸ਼ਨ ਡਵੀਜਨ ਬੰਗਾ ਵਲੋਂ ਆਪਣੀਆਂ ਮੰਗਾਂ ਦੇ ਸੰਬੰਧ ਵਿਚ ਸਿੱਧ ਮੰਦਰ ਬੰਗਾ ਵਿਖੇ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਸ੍ਰੀ ਅਜੀਤ ਰਾਮ ਪ੍ਰਧਾਨ ਵਲੋਂ ਕੀਤੀ ਗਈ। ਮੀਟਿੰਗ ਵਿਚ ਵੱਖ ਵੱਖ ਬੁਲਾਰਿਆਂ ਵਲੋਂ ਆਪਣੇ ਵਿਚਾਰ ਪੇਸ਼ ਕੀਤੇ।ਜਿਨ੍ਹਾਂ ਵਿਚ ਪਿਆਰਾ ਲਾਲ, ਗੁਰਮੀਤ ਸਿੰਘ, ਚਰਨਜੀਤ ਸਿੰਘ, ਰਾਮ ਲੁਭਾਇਆ, ਮਲਕੀਤ ਚੰਦ ਸਰਕਲ ਆਗੂ,ਨਸੀਬ ਚੰਦ ਸਰਕਲ ਆਗੂ, ਅਜੀਤ ਰਾਮ



ਪ੍ਰਧਾਨ ਆਦਿ ਬੁਲਾਰਿਆਂ ਵਲੋਂ ਮੰਗ ਕੀਤੀ ਗਈ ਕਿ 1-1-2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਜ ਨੂੰ ਉਹਨਾਂ ਦਾ ਏਰੀਅਰ 2.59 ਦੇ ਫੈਕਟਰ ਅਨੁਸਾਰ ਦਿੱਤਾ ਜਾਵੇ। ਵਿਕਾਸ ਦੇ ਨਾਮ ਉੱਪਰ ਦੋ ਸੌ ਰੁਪਿਆ ਜੋ ਕੱਟਿਆ ਜਾ ਰਿਹਾ ਹੈ ਉਹ ਬੰਦ ਕੀਤਾ ਜਾਵੇ। 23 ਸਾਲਾ ਬਿਨਾਂ ਸ਼ਰਤ ਸਾਰਿਆਂ ਨੂੰ ਦਿੱਤਾ ਜਾਵੇ। 2004 ਤੋਂ ਬਾਅਦ ਭਰਤੀ ਹੋਏ ਮੁਲਾਜਮਾਂ ਨੂੰ ਪੈਨਸਨ ਦਿੱਤੀ ਜਾਵੇ।ਮੀਟਿੰਗ ਵਿਚ ਮਿਤੀ 09-07-2025 ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਦਾ ਸਮਰਥਨ ਕਰਨ ਬਾਰੇ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ।ਮੀਟਿੰਗ ਵਿਚ ਹੇਠਾਂ ਅਨੁਸਾਰ ਮੈਂਬਰਾਂ ਨੇ ਭਾਗ ਲਿਆ।ਅਜੀਤ ਰਾਮ, ਰਾਮ ਲੁਭਾਇਆ, ਨਸੀਬ ਚੰਦ ਸਰਕਲ ਆਗੂ, ਸੁੱਚਾ ਰਾਮ, ਫੁੰਮਣ ਸਿੰਘ, ਮੋਹਣ ਲਾਲ, ਸੇਵਾ ਸਿੰਘ, ਗੁਰਮੀਤ ਸਿੰਘ, ਗੁਰਪਾਲ ਲਾਲ, ਅਵਤਾਰ ਸਿੰਘ, ਇੰਦਰਜੀਤ ਸਿੰਘ, ਪਿਆਰਾ ਲਾਲ, ਚਰਨਜੀਤ ਸਿੰਘ, ਪਰਮਾ ਨੰਦ, ਠਾਕਰ ਦਾਸ, ਸਰਬਣ ਸਿੰਘ, ਸੁਰਜੀਤ ਸਿੰਘ, ਬਲਵੀਰ ਕੁਮਾਰ, ਅਸੋਕ ਕੁਮਾਰ, ਸੰਤੋਖ ਸਿੰਘ, ਹਰਮੇਸ਼ ਲਾਲ, ਤਰਸੇਮ ਲਾਲ, ਮਲਕੀਤ ਚੰਦ ਸਰਕਲ ਆਗੂ,ਆਦਿ ਹਾਜਰ ਹੋਏ ਅੰਤ ਵਿਚ ਪ੍ਰਧਾਨ ਅਜੀਤ ਰਾਮ ਵਲੋਂ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਟੇਜ ਦੀ ਕਾਰਵਾਈ ਸ੍ਰੀ ਕ੍ਰਿਸ਼ਨ ਸਿੰਘ ਵਲੋਂ ਨਿਭਾਈ ਗਈ।

# 10 ਕੇਂਦਰੀ ਟਰੇਡ ਯੂਨੀਅਨਾਂ ਵਲੋਂ ਭਲਕੇ 'ਭਾਰਤ ਬੰਦ' ਦਾ ਸੱਦਾ

## 25 ਕਰੋੜ ਤੋਂ ਵੱਧ ਮੁਲਾਜ਼ਮ ਕਰਨਗੇ ਹੜਤਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ : ਬੈਂਕਿੰਗ, ਬੀਮਾ, ਕੋਲਾ ਖਾਣਾਂ, ਡਾਕ ਅਤੇ ਨਿਰਮਾਣ ਵਰਗੇ ਜਨਤਕ ਸੇਵਾਵਾਂ ਖੇਤਰਾਂ ਦੇ 25 ਕਰੋੜ ਤੋਂ ਵੱਧ ਮੁਲਾਜ਼ਮ ਬੁਧਵਾਰ ਨੂੰ ਦੇਸ਼ ਵਿਆਪੀ ਆਮ ਹੜਤਾਲ ਵਿਚ ਹਿੱਸਾ ਲੈਣ ਲਈ ਤਿਆਰ ਹਨ।10 ਕੇਂਦਰੀ ਟਰੇਡ




ਯੂਨੀਅਨਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਗਠਜੋੜ ਨੇ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਅਤੇ ਰਾਸ਼ਟਰ ਵਿਰੋਧੀ ਕਾਰਪੋਰੇਟ ਪੱਖੀ ਨੀਤੀਆਂ ਦੇ ਵਿਰੋਧ ਵਿਚ 'ਭਾਰਤ ਬੰਦ' ਦਾ ਸੱਦਾ ਦਿਤਾ ਹੈ।

ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੀ ਅਮਰਜੀਤ ਕੌਰ ਨੇ ਕਿਹਾ, ''ਹੜਤਾਲ ਵਿਚ 25 ਕਰੋੜ ਤੋਂ ਵੱਧ ਮਜ਼ਦੂਰਾਂ ਦੇ ਹਿੱਸਾ ਲੈਣ ਦੀ ਉਮੀਦ ਹੈ। ਦੇਸ਼ ਭਰ ਦੇ ਕਿਸਾਨ ਅਤੇ ਪੇਂਡੂ ਮਜ਼ਦੂਰ ਵੀ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਹੋਣਗੇ।'' ਇਸ ਵਿਚ ਦੇਸ਼ ਵਿਆਪੀ ਆਮ ਹੜਤਾਲ ਨੂੰ ਸਫਲ ਬਣਾਉਣ ਉਤੇ ਜ਼ੋਰ ਦਿਤਾ ਗਿਆ ਹੈ ਅਤੇ ਰਸਮੀ ਅਤੇ ਗੈਰ ਰਸਮੀ/ਗੈਰ-ਸੰਗਠਤ ਅਰਥਵਿਵਸਥਾ ਦੇ ਸਾਰੇ ਖੇਤਰਾਂ ਦੀਆਂ ਯੂਨੀਅਨਾਂ ਨੇ ਸਰਗਰਮੀ ਨਾਲ ਤਿਆਰੀਆਂ ਕੀਤੀਆਂ ਹਨ।

ਉਨ੍ਹਾਂ ਕਿਹਾ, ''ਅਸੀਂ ਸਰਕਾਰ ਤੋਂ ਮੰਗ ਕਰ ਰਹੇ ਹਾਂ ਕਿ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾਵੇ, ਮਨਜ਼ੂਰਸ਼ੁਦਾ ਅਸਾਮੀਆਂ ਉਤੇ ਭਰਤੀਆਂ ਕੀਤੀਆਂ ਜਾਣ, ਵਧੇਰੇ ਨੌਕਰੀਆਂ ਪੈਦਾ ਕੀਤੀਆਂ ਜਾਣ, ਮਨਰੇਗਾ ਮਜ਼ਦੂਰਾਂ ਦੇ ਦਿਨਾਂ ਅਤੇ ਮਿਹਨਤਾਨੇ ਵਿਚ ਵਾਧਾ ਕੀਤਾ ਜਾਵੇ ਅਤੇ ਸ਼ਹਿਰੀ ਖੇਤਰਾਂ ਲਈ ਵੀ ਅਜਿਹਾ ਕਾਨੂੰਨ ਬਣਾਇਆ ਜਾਵੇ। ਪਰ ਸਰਕਾਰ ਇਸ ਦੀ ਬਜਾਏ ਰੁਜ਼ਗਾਰਦਾਤਾਵਾਂ ਨੂੰ ਪ੍ਰੋਤਸਾਹਨ ਦੇਣ ਲਈ ਈ.ਐਲ.ਆਈ. (ਰੁਜ਼ਗਾਰ ਨਾਲ ਜੁੜੇ ਪ੍ਰੋਤਸਾਹਨ) ਯੋਜਨਾ ਲਾਗੂ ਕਰਨ ਵਿਚ ਰੁੱਝੀ ਹੋਈ ਹੈ।''

ਜ਼ਿਕਰਯੋਗ ਹੈ ਕਿ ਕੇਰਲ ਨੂੰ ਦੋ ਦਿਨਾਂ ਲਈ ਜਨਤਕ ਆਵਾਜਾਈ ਪ੍ਰਣਾਲੀ ਵਿਚ ਵੱਡੀ ਰੁਕਾਵਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪ੍ਰਾਈਵੇਟ ਬੱਸ ਆਪ੍ਰੇਟਰ ਮੰਗਲਵਾਰ, 8 ਜੁਲਾਈ ਨੂੰ ਹੜਤਾਲ ਕਰਨਗੇ, ਜਿਸ ਤੋਂ ਬਾਅਦ ਬੁਧਵਾਰ, 9 ਜੁਲਾਈ ਨੂੰ ਵੱਖ-ਵੱਖ ਟਰੇਡ ਯੂਨੀਅਨਾਂ ਵਲੋਂ ਦੇਸ਼ ਵਿਆਪੀ ਆਮ ਹੜਤਾਲ ਦਾ ਸੱਦਾ ਦਿਤਾ ਜਾਵੇਗਾ। ਹੜਤਾਲ ਨੂੰ ਸੰਯੁਕਤ ਕਿਸਾਨ ਮੋਰਚਾ ਨੇ ਵੀ ਸਹਿਯੋਗ ਦਿਤਾ ਹੈ।

# ਗਾਵਾਂ/ਪਸ਼ੂਆਂ ਨੂੰ ਬੇਸਹਾਰਾ ਛੱਡਣ 'ਤੇ ਪਾਬੰਦੀ ਦੇ ਹੁਕਮ, ਉਲੰਘਣਾ ਕਰਨ ਵਾਲਿਆ ਖਿਲਾਫ ਹੋਵੇਗੀ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਜਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਅੱਜ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ ਦੀ ਧਾਰਾ 163 ਤਹਿਤ ਜਿਲ੍ਹੇ ਵਿੱਚ ਕਿਸੇ ਵੀ ਥਾਂ 'ਤੇ ਗਾਵਾਂ/ਪਸ਼ੂਆਂ ਨੂੰ ਬੇਸਹਾਰਾ ਛੱਡਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਮੁਤਾਬਕ ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਖਿਲਾਫ ਕਾਨੂੰਨ ਮੁਤਾਬਕ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਹੁਕਮ 08 ਜਨਵਰੀ 2026 ਤੱਕ ਲਾਗੂ ਰਹਿਣਗੇ। ਜਿਕਰਯੋਗ ਹੈ ਕਿ ਲੰਘੇ ਸਮੇਂ ਦੌਰਾਨ ਜਿਲ੍ਹੇ ਦੇ ਪਿੰਡ ਭਾਨ ਮਜਾਰਾ ਵਿਖੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਬੇਸਹਾਰਾ ਗਾਵਾਂ/ਪਸ਼ੂਆਂ ਨੂੰ ਸੁੱਕੀ ਨਹਿਰ ਵਿੱਚ ਛੱਡ ਦਿੱਤਾ ਗਿਆ ਸੀ ਜਿਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਜਿਲ੍ਹਾ ਪ੍ਰਸ਼ਾਸਨ ਨੂੰ ਡਾਢੀ ਮੁਸ਼ੱਕਤ ਕਰਨੀ ਪਈ ਸੀ । ਹੁਕਮਾਂ ਅਨੁਸਾਰ ਗਊਵੰਸ਼ ਨੂੰ ਇਸ ਤਰ੍ਹਾਂ ਬੇਸਹਾਰਾ ਛੱਡਣ ਕਾਰਨ ਉਨ੍ਹਾਂ ਨੂੰ ਹੋਣ ਵਾਲੇ ਜਾਨੀ ਨੁਕਸਾਨ ਨਾਲ ਜਿੱਥੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਉਥੇ ਅਮਨ-ਕਾਨੂੰਨ ਦੀ ਸਥਿਤੀ



ਵੀ ਬਣ ਸਕਦੀ ਹੈ। ਪਸ਼ੂਆਂ ਨੂੰ ਬੇਸਹਾਰਾ ਛੱਡਣ ਨਾਲ ਸੜਕੀ ਹਾਦਸੇ ਵੀ ਵਾਪਰ ਸਕਦੇ ਹਨ ਜਿਸ ਕਰਕੇ ਪਸ਼ੂਆਂ ਨੂੰ ਬੇਸਹਾਰਾ ਨਹੀਂ ਛੱਡਿਆ ਜਾਣਾ ਚਾਹੀਦਾ ।

# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਵਲੋਂ "ਬੇਟੀ ਬਚਾਓ -ਧਰਤੀ ਬਚਾਓ" ਤਹਿਤ ਪ੍ਰਮੋਦ ਨਗਰ ਵਿਚ ਛਾਂ ਦਾਰ ਬੂਟੇ ਲਗਾਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਜੁਲਾਈ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਬੇਟੀ ਬਚਾਓ, ਧਰਤੀ ਬਚਾਓ ਮੁਹਿੰਮ ਅਧੀਨ ਪਰਮੋਦ ਨਗਰ ਵਿੱਚ ਨਵੇਂ ਬਣੇ ਡਾਕਟਰ ਬੀ. ਆਰ. ਅੰਬੇਡਕਰ ਪਾਰਕ ਵਿਚ ਛਾਂਦਾਰ ਮੈਡੀਕੇਟਡ ਬੂਟੇ ਲਗਾਏ ਗਏ। ਇਸ ਮੌਕੇ ਪ੍ਰਿੰਸੀਪਲ ਜਗਦੀਸ਼ ਰਾਏ ਮੁੱਖ ਬੁਲਾਰਾ ਪੰਜਾਬ, ਸੁਰਿੰਦਰ ਪਾਲ ਬੜ੍ਹਪੱਗਾ ਮੁੱਖ ਕਾਨੂੰਨੀ ਸਲਾਹਕਾਰ ,ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਕੌਰ,ਸੰਤੋਖ ਸਿੰਘ ਬਲਾਕ ਸਕੱਤਰ , ਕਮਲ ਦੇਵ ਮੈਂਬਰ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਸੋਮਨਾਥ ਬੰਗੜ, ਕੌਂਸਲਰ ਪਰਵੀਨ ਕੁਮਾਰੀ, ਮਾਸਟਰ ਸੁਖਦੇਵ ਡਾਨਸੀਵਾਲ, ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਪਾਰਕ ਵਿੱਚ 30 ਨਿੰਮ ਅਤੇ ਸੁਹੰਜਣਾ ਦੇ ਬੂਟੇ ਲਗਾਏ । ਇਸ ਮੌਕੇ ਸੋਮਨਾਥ ਬੰਗੜ




ਕਾਰਜਕਾਰੀ ਪ੍ਰਧਾਨ ਨਗਰ ਕੌਂਸਲ ਗੜ੍ਹਸ਼ੰਕਰ ਨੇ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਲਈ ਬੂਟੇ ਲਗਾਉਣਾ ਬਹੁਤ ਹੀ ਜਰੂਰੀ ਹੈ,ਸਾਫ ਵਾਤਾਵਰਨ ਹੀ ਮਨੁੱਖਾਂ ਅਤੇ ਜੀਵ ਜੰਤੂਆਂ ਲਈ ਜਿੰਦਗੀ ਦਾ ਸਰੋਤ ਹੈ। ਪ੍ਰਿੰਸੀਪਲ ਜਗਦੀਸ਼ ਰਾਏ ਨੇ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਨੇ ਪਿਛਲੇ ਅੱਠ ਸਾਲਾਂ ਤੋਂ ਬੇਟੀ ਬਚਾਓ ਧਰਤੀ ਬਚਾਓ ਮੁਹਿੰਮ ਚਲਾਈ ਹੋਈ ਹੈ ਜਿਸ ਲੜੀ ਅਧੀਨ ਅੱਜ ਯੁੱਗ ਪੁਰਸ਼ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਸਮਰਪਿਤ ਪਰਮੋਦ ਨਗਰ ਚ ਨਵੇਂ ਬਣੇ ਪਾਰਕ ਵਿੱਚ ਜਿਹੜੇ ਅੱਜ ਬੂਟੇ ਲਗਾਏ ਗਏ ਹਨ, ਹਵਾ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਚ ਸਹਾਈ ਹੋਣਗੇ । ਮਾਸਟਰ ਸੁਖਦੇਵ ਡਾਨਸੀਵਾਲ ਜੀ ਨੇ ਸੁਸਾਇਟੀ ਵਲੋ ਕੀਤੇ ਗਏ ਇਸ ਕਾਰਜ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਜਿੰਦਗੀ ਚ ਇਕ ਦੋ ਦਰੱਖਤ ਲਾ ਕੇ ਉਹਨਾਂ ਨੂੰ ਪਾਲਣਾ ਚਾਹੀਦਾ ਹੈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਅੱਜ ਸਾਡਾ ਹਵਾ ਪਾਣੀ ਗੰਧਲਾ ਹੋ ਗਿਆ ਕਿ ਇਥੋਂ ਦੇ ਵਸਨੀਕ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਗ੍ਰਸਿਤ ਹੋ ਚੁੱਕੇ ਹਨ, ਹਰ ਚੌਥਾ ਵਿਅਕਤੀ ਕੈਂਸਰ ਵਰਗੀ ਭਿਆਨਕ ਬਿਮਾਰੀ ਨਾਲ ਜੂਝ ਰਿਹਾ ਹੈ । ਇਸ ਤੋਂ ਬਚਣ ਲਈ ਵਾਤਾਵਰਨ ਦੀ ਸ਼ੁੱਧਤਾ ਬਹੁਤ ਹੀ ਜਰੂਰੀ ਹੈ। ਬੂਟੇ ਲਗਾਉਣਾ ਅਤੇ ਉਹਨੂੰ ਪਾਲਣਾ ਹਰ ਇਕ ਦੀ ਜਿੰਮੇਵਾਰੀ ਹੈ । ਐਡਵੋਕੇਟ ਸੁਰਿੰਦਰ ਪਾਲ ਬੜ੍ਹਪੱਗਾ ਨੇ ਆਏ ਹੋਏ ਪਤਵੰਤੇ ਸੱਜਣਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਪਾਰਕ ਵਿੱਚ ਲਾਏ ਗਏ ਪੌਦਿਆਂ ਦੀ ਸਾਂਭ ਸੰਭਾਲ ਕਰਨਾ ਸਾਡੀ ਸਾਰੀਆਂ ਦੀ ਜਿੰਮੇਵਾਰੀ ਹੈ । ਹਰ ਇਕ ਇਨਸਾਨ ਜਦੋ ਮਰਦਾ ਹੈ ਤਾਂ ਇੱਕ ਦਰੱਖਤ ਨਾਲ ਲੈ ਕੇ ਮਰਦਾ ਹੈ ਇਸ ਹਰ ਇਕ ਇਨਸਾਨ ਨੂੰ ਦੋ ਦਰੱਖਤ ਲਗਾ ਕੇ ਜਰੂਰ ਪਾਲਣੇ ਚਾਹੀਦੇ ਹਨ । ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਜਗਦੀਸ਼ ਰਾਏ ਬੁਲਾਰਾ ਪੰਜਾਬ, ਐਡਵੋਕੇਟ ਸੁਰਿੰਦਰ ਪਾਲ ਬੜ੍ਹਪਗਾ ਕਾਨੂੰਨੀ ਸਲਾਹਕਾਰ, ਜਸਪ੍ਰੀਤ ਕੌਰ ਜਿਲ੍ਹਾ ਪ੍ਰਧਾਨ, ਸੰਤੋਖ ਸਿੰਘ ਬਲਾਕ ਸਕਤੱਰ ,ਕਮਲਦੇਵ ,ਸੋਮਨਾਥ ਬੰਗੜ ਕੌਂਸਲਰ,ਪਰਵੀਨ ਕੁਮਾਰੀ ਕੌਂਸਲਰ, ਕਾਹਨ ਚੰਦ, ਸੋਨੀ ਕੁਮਾਰ ਬੜ੍ਹਪੱਗਾ, ਮਲਕੀਤ ਰਾਮ, ਮਾਸਟਰ ਸੁਖਦੇਵ ਡਾਨਸੀਵਾਲ, ਸੁਖਦਰਸ਼ਨ ਸਿੰਘ , ਕਮਲ ਦੇਵ, ਪ੍ਰੇਮ ਚੰਦ, ਦਰਸ਼ਨ ਸਿੰਘ,ਅਵਤਾਰ ਸਿੰਘ, ਮੋਹਨ ਲਾਲ,ਅਮਰਜੀਤ ਸਿੰਘ,ਪਰਵੀਨ ਦੇਵੀ ਸਫਾਈ ਸੇਵਕ, ਮਲਕੀਤ ਸਿੰਘ, ਗੁਰਮਿੰਦਰ ਸਿੰਘ,ਸੋਨੂੰ, ਅਮ੍ਰਿਤ ਪਾਲ, ਸੰਜੀਵ ਕੁਮਾਰ,ਕੁਲਦੀਪ ਸਿੰਘ ਫੌਜੀ, ਕਾਂਤਾ ਦੇਵੀ, ਐੱਸ.ਐੱਲ . ਖੁੱਤਣ ਅਤੇ ਹੋਰ ਪਤਵੰਤੇ ਸੱਜਣ ਹਾਜਰ ਸਨ।

# ਮੇਹਟਿਆਣਾ ਪੁਲਿਸ ਦੀ ਢਿੱਲੀ ਕਾਰਗੁਜਾਰੀ ਦੇ ਖਿਲਾਫ ਬਸਪਾ ਪਰਿਵਾਰਾਂ ਦੇ ਨਾਲ ਹੋਕੇ ਕਰੇਗੀ ਸੰਘਰਸ਼ - ਐਡਵੋਕੇਟ ਪਲਵਿੰਦਰ ਮਾਨਾ

## ਪਿੰਡ ਫਗਲਾਣਾ ਅਤੇ ਪਿੰਡ ਖਨੌੜਾ ਦੇ ਨੌਜਵਾਨ ਲੜਕਿਆਂ ਦੀ ਮੌਤ ਦਾ ਮਾਮਲਾ

"Equality and justice" Patiala 08 July
INTERNATIONAL PAPER, 94636 01616
hardipchumber57@gmail.com



ਚੱਬੇਵਾਲ( ਚਰਨਜੀਤ ਸੱਲ੍ਹਾਂ )ਹਲਕਾ ਚੱਬੇਵਾਲ ਦੇ ਪਿੰਡਾ ਫਗਲਾਣਾ ਅਤੇ ਖਨੌੜਾ ਦੇ ਨੌਜਵਾਨਾਂ ਦੀ ਮੌਤ ਦਾ ਕਾਰਨ ਹਾਦਸਾ ਹੈ ਜਾ ਫੇਰ ਇਕ ਸੋਚੀ ਸਮਝੀ ਸਾਜਿਸ਼ ਦੇ ਤਹਿਤ ਕਤਲ, ਮੇਟਿਆਣਾ ਪੁਲਿਸ ਦੀ ਢਿੱਲੀ ਕਾਰਗੁਜਾਰੀ ਦੇ ਕਾਰਨ ਇਹ ਅਜੇ ਤੱਕ ਸਾਬਿਤ ਨਹੀਂ ਹੋ ਸਕਿਆ ਹੈ I ਇਹ ਕਿ ਮਿਤੀ 5-7-2025 ਨੂੰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ ਜੀ ਅਤੇ ਸਮੁੱਚੀ ਹਲਕੇ ਦੀ ਲੀਡਰ ਸ਼ਿਪ ਪਿੰਡ ਫਗਲਾਣਾ ਵਿਖੇ ਪੁਹੰਚੀ ਜਿੱਥੇ ਕੇ ਇਕ 16 ਸਾਲ ਦਾ ਨੌਜਵਾਨ ਤੇ ਇਕ ਪਿੰਡ ਖਨੌੜਾ ਦੇ 16 ਸਾਲਾ ਨੌਜਵਾਨ ਦੀ ਪਿਛਲੇ ਦਿਨੀ ਹੋਈ ਮੌਤ ਦੇ ਸੰਬੰਧ ਵਿਚ ਆਏ ਹੋਏ ਆਗੂ ਸਹਿਬਾਨਾਂ ਨੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕੀਤਾ ਅਤੇ ਪਰਿਵਾਰ ਨੂੰ ਵਿਸ਼ਵਾਸ਼ ਦੇਵਾਇਆ ਕਿ ਇਸ ਦੁੱਖ ਦੀ ਘੜੀ ਵਿਚ ਬਸਪਾ ਪਰਿਵਾਰਾਂ ਦੇ ਨਾਲ ਖੜੀ ਹੈ I ਮਿਰਤਕ ਦੇ ਪਰਿਵਾਰ ਨੇ ਦੱਸਿਆ ਕਿ ਸਾਨੂ ਪੂਰਾ ਯਕੀਨ ਹੈ ਕਿ ਸਾਡੇ ਲੜਕੇ ਦਾ ਕਤਲ ਹੋਇਆ ਹੈ, ਪਰ ਪੁਲਿਸ ਦੋਸ਼ੀਆਂ ਨੂੰ ਬਚਾ ਰਹੀ ਹੈ I ਇਸ ਸਬੰਧੀ ਐਡਵੋਕੇਟ ਮਾਨਾ ਜੀ ਨੇ ਐਸ ਐਚ ਓ ਥਾਣਾ ਮੇਹਟਿਆਣਾ ਜੀ ਦੇ ਨਾਲ ਗੱਲ ਕੀਤੀ ਤਾਂ ਐਸ ਐਚ ਓ ਸਾਹਿਬ ਨੇ ਕਿਹਾ ਕਿ ਜਦੋ ਤੱਕ ਪੋਸਟ ਮਾਰਟਮ ਦੀ ਸਹੀ ਰਿਪੋਰਟ ਨਹੀਂ ਆਉਂਦੀ ਉਧੋ ਤੱਕ ਇਹ ਦਸਣਾ ਮੁਸ਼ਕਿਲ ਹੈ ਕਿ ਇਹ ਕਤਲ ਹੈ ਜਾ ਐਕਸੀਡੈਂਟ, ਬਾਕੀ ਅਜੇ ਪੁਲਿਸ ਦੀ ਤਫਤੀਸ਼ ਚੱਲ ਰਹੀ ਹੈ ਤੇ ਇਕ ਹਫਤੇ ਵਿਚ ਤਫਟੀਸ਼ ਮੁੱਕਮਲ ਹੋ ਜਾਏਗੀ I ਐਡਵੋਕੇਟ ਮਾਨਾ ਜੀ ਨੇ ਪਰਿਵਾਰ ਨੂੰ ਵਿਸ਼ਵਾਸ਼ ਦੇਵਾਇਆ ਕਿ ਜਲਦ ਹੀ ਅਸੀਂ ਉੱਚ ਅਧਿਕਾਰੀਆਂ ਨਾਲ ਰਾਫਤਾ ਕਰਕੇ ਇਸਦੀ ਨਿਰਪੱਖ ਜਾਂਚ ਕਰਵਾਂਵਾਂਗੇ I ਜ਼ੇਕਰ ਇਨ੍ਹਾਂ ਨੌਜਵਾਨਾਂ ਦਾ ਕਤਲ ਹੋਣ ਦਾ ਕੋਈ ਵੀ ਸਬੂਤ ਸਾਹਮਣੇ ਆਈਆ ਤਾਂ ਬਸਪਾ ਦੋਸ਼ੀਆਂ ਦੀ ਭਾਲ ਕਰਵਾ ਕੇ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਏਗੀ I ਆਏ ਹੋਏ ਆਗੂ ਸਹਿਬਾਨਾਂ ਨੇ ਪਰਿਵਾਰ ਨੂੰ ਵਿਸ਼ਵਾਸ ਦਿਵਾਇਆ ਕਿ ਜੇਕਰ ਜਲਦ ਹੀ ਇਸ ਘੱਟਣਾ ਦੇ ਸਬੰਧ ਵਿੱਚ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਬਹੁਜਨ ਸਮਾਜ ਪਾਰਟੀ ਪਰਿਵਾਰਾ ਦੇ ਨਾਲ ਖੜੀ ਹੈ, ਜ਼ੇਕਰ ਲੋੜ ਪਾਈ ਤਾਂ ਇਨਸਾਫ਼ ਲਈ ਸੰਘਰਸ਼ ਕਰਨਾ ਪਿਆ ਤਾਂ ਬਸਪਾ ਪਿੱਛੇ ਨਹੀਂ ਹਟੇਗੀ I ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਜੀ ਦੇ ਨਾਲ ਆਗੂ ਸਾਹਿਬਾਨਾ ਵਿੱਚ ਸਤਪਾਲ ਬਡਲਾ ਜੀ ਜਨਰਲ ਸਕੱਤਰ ਹਲਕਾ ਚੱਬੇਵਾਲ, ਸੁਦੇਸ਼ ਭੱਟੀ ਜੀ ਵਾਇਸ ਪ੍ਰਧਾਨ ਬਸਪਾ ਹਲਕਾ ਚੱਬੇਵਾਲ, ਜਸਵਿੰਦਰ ਤਾਜੇਵਾਲ ਜੀ ਸੀਨੀਅਰ ਬਸਪਾ ਆਗੂ, ਹਰਮੇਸ਼ ਫਗਲਾਣਾ ਜੀ ਸੀਨੀਅਰ ਬਸਪਾ ਆਗੂ, ਪ੍ਰਕਾਸ ਸਿੰਘ ਰਾਜਪੁਰ ਭਾਈਆ, ਸੋਹਣ ਸਿੰਘ ਜੀ ਅਤੇ ਜਗਦੀਪ ਕੁਮਾਰ ਜੀ ਮੌਕੇ ਤੇ ਹਾਜ਼ਰ ਸਨ

# ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੀ ਮੀਟਿੰਗ ਹੋਈ

"Equality and justice" Patiala 08 July
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )- ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੀ ਜਰੂਰੀ ਮੀਟਿੰਗ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਦੀ ਪ੍ਰਧਾਨਗੀ ਹੇਠ ਸਤਪਾਲ ਸਲੋਹ ਜੀ ਦੇ ਘਰ ਸਲੋਹ ਵਿਖੇ ਹੋਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਤਰਕਸ਼ੀਲ ਮੈਗਜ਼ੀਨ ਜੁਲਾਈ - ਅਗਸਤ ਅੰਕ ਦੀ ਵੰਡ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮਾ. ਜਗਦੀਸ਼, ਜੋਗਿੰਦਰ ਕੁੱਲੇਵਾਲ, ਅਤੇ ਸੱਤਪਾਲ ਸਲੋਹ ਨੇ ਕਿਹਾ ਕਿ ਸੂਬਾ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਭਰ ਵਿੱਚ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਇਸ ਸਾਲ 29ਅਗਸਤ ਅਤੇ 31 ਅਗਸਤ ਨੂੰ ਕਾਰਵਾਈ ਜਾਵੇਗੀ। ਜੋਨ ਨਵਾਂਸ਼ਹਿਰ ਵਿੱਚ ਇਹ ਪ੍ਰੀਖਿਆ 29 ਅਗਸਤ ਦਿਨ ਸ਼ੁੱਕਰਵਾਰ ਨੂੰ ਕਾਰਵਾਈ ਜਾਵੇਗੀ। ਉਹਨਾਂ ਕਿਹਾ ਕਿ ਕਿਤਾਬਾਂ ਇਕਾਈਆਂ ਵਲੋਂ ਸਕੂਲਾਂ ਵਿੱਚ ਪਹੁੰਚਾ ਦਿੱਤੀਆਂ ਹਨ। ਉਹਨਾਂ ਸਕੂਲ ਮੁਖੀ ਸਹਿਬਾਨਾਂ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਕਿਤਾਬਾਂ ਵਿਦਿਆਰਥੀਆਂ ਨੂੰ ਵੰਡਕੇ ਲਿਸਟਾਂ ਤਿਆਰ ਕਰ ਲਈਆਂ ਜਾਣ ਤਾਂ ਜੋ ਸਮੇਂ ਸਿਰ ਰਜਿਸਟ੍ਰੇਸ਼ਨ ਕਰਵਾਈ ਜਾ ਸਕੇ।ਪਿਛਲੀ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਇਕਾਈ ਗੜ੍ਹਸ਼ੰਕਰ ਵਲੋਂ ਇਸ ਮਹੀਨੇ ਇੱਕ ਪਰਿਵਾਰਕ ਮਿਲਣੀ ਕਰਵਾਏਗੀ।ਇਸ ਮੌਕੇ ਜੋਨ ਦੇ ਵਿੱਤ ਮੁਖੀ ਸੁਖਵਿੰਦਰ ਗੋਗਾ,ਇਕਾਈ ਗੜ੍ਹਸ਼ੰਕਰ ਦੇ ਜਥੇਬੰਦਕ ਮੁਖੀ ਰਾਜ ਕੁਮਾਰ, ਇਕਾਈ ਬੰਗਾ ਦੇ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਦੇ ਮੁਖੀ ਸੁਖਵਿੰਦਰ ਲੰਗੇਰੀ, ਇਕਾਈ ਨਵਾਂਸ਼ਹਿਰ ਦੇ ਜਥੇਬੰਦਕ ਮੁਖੀ ਸ੍ਰੀ ਮਤੀ ਬਲਵਿੰਦਰ ਕੌਰ ਸਲੋਹ ਆਦਿ ਹਾਜ਼ਰ ਸਨ। ਮਾ.ਜਗਦੀਸ ਮੁਖੀ ਜੋਨ ਨਵਾਂਸ਼ਹਿਰ। ਫੋਨ:9417434038

# ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਗੁਰੂ ਕੀ ਰਸੋਈ ਨਵਾਂਸ਼ਹਿਰ ਨੂੰ ਖਾਣ ਪੀਣ ਦੀ ਸਮੱਗਰੀ ਭੇਟ

"Equality and justice" Patiala 08 July
INTERNATIONAL PAPER, 94636 01616
hardipchumber57@gmail.com




ਬੰਗਾ( ਚਰਨਜੀਤ ਸੱਲ੍ਹਾਂ ) ਮਨੁੱਖਤਾ ਦੀ ਸੇਵਾ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਗੁਰੂ ਕੀ ਰਸੋਈ ਨਵਾਂਸ਼ਹਿਰ ਵਿਖੇ ਅਨਪੂਰਨਮਾ ਦਿਵਸ ਮਨਾਇਆ ਗਿਆ। ਰੋਟਰੀ ਕਲੱਬ ਬੰਗਾ ਗਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ, ਇੰਜੀਨੀਅਰ ਗੁਰਬਖਸ਼ ਰਾਮ, ਡਾ. ਪਰਮਜੀਤ ਸਿੰਘ ਰੱਤੂ ਅਤੇ ਡਾ. ਧਰਮਜੀਤ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ ਅਤੇ ਗੁਰੂ ਕੀ ਰਸੋਈ ਨਵਾਂਸ਼ਹਿਰ ਇਨਸਾਨੀਅਤ ਦੀ ਸੇਵਾ ਕਰਨ ਲਈ ਅਤੇ ਹਰੇਕ ਲੋੜਵੰਦ, ਬੇਸਹਾਰਾ ਬੱਚੇ ਤੋਂ ਲੈਕੇ ਬਜ਼ੁਰਗ ਤੱਕ ਨੂੰ ਰੋਟੀ ਪਹੁੰਚਾਉਣ ਦਾ ਕੰਮ ਇਹ ਸੰਸਥਾ ਸੇਵਾ ਦੇ ਰੂਪ ਵਿਚ ਕਰ ਰਹੀ ਹੈ ਹਰ ਰੋਜ਼ 1500 ਖਾਣੇ ਦਾ ਟਿਫ਼ਨ ਦੋ ਟਾਇਮ ਬੇਸਹਾਰਾ ਪਰਿਵਾਰਾਂ ਨੂੰ ਦਿਨ ਵਿਚ ਦੋ ਟਾਇਮ ਪਹੁੰਚਾਇਆ ਜਾਂਦਾ ਹੈ, ਜਿਸ ਤੇ ਤਰਕੀਬਨ 50000/- ਰੁਪਏ ਰੋਜ਼ਾਨਾ ਖਰਚ ਵੀ ਆਉਂਦਾ ਹੈ ਸੰਸਥਾ ਦੀ ਇਸ ਮਹਾਨ ਸੇਵਾ ਵਿਚ ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ 35000/- ਰੁਪਏ ਤੱਕ ਦੀ ਖਾਣ ਪੀਣ ਦੇ ਸਮਾਨ ਦੀ ਸੇਵਾ ਕਰਕੇ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਉਨ੍ਹਾਂ ਨੇ ਗੁਰੂ ਕੀ ਰਸੋਈ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਕਲੱਬ ਨੂੰ ਇਸ ਨੇਕ ਕਾਰਜ ਦਾ ਹਿੱਸਾ ਬਣਾਇਆ ਇਸ ਮੌਕੇ ਗੁਰੂ ਕੀ ਰਸੋਈ ਦੇ ਮੁੱਖ ਸੇਵਾਦਾਰ ਸ. ਅਮਰੀਕ ਸਿੰਘ ਨੇ ਰੋਟਰੀ ਕਲੱਬ ਬੰਗਾ ਗ੍ਰੀਨ ਦੀ ਸਮੂਹ ਟੀਮ ਨੂੰ ਜੀ ਆਇਆਂ ਆਖਿਆ, ਅਤੇ ਇਸ ਨੇਕ ਕੰਮ ਵਿਚ ਯੋਗਦਾਨ ਪਾਉਣ ਲਈ ਸ਼ਲਾਘਾ ਵੀ ਕੀਤੀ। ਇਸ ਮੌਕੇ ਰੋਟੇ ਰਣਬੀਰ ਸਿੰਘ ਰਾਣਾ ਸੈਕਟਰੀ, ਰੋਟੇ ਫਾਈਨਾਂਸ ਸੈਕਟਰੀ ਹਰਪ੍ਰੀਤ ਸਿੰਘ ਸੈਣੀ,ਰੋਟੇ ਡਾ ਧਰਮਜੀਤ ਸਿੰਘ ਵਾਇਸ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ,ਰੋਟੇ ਜੀਵਨ ਦਾਸ ਕੌਂਸਲ,ਰੋਟੇ ਗੁਰਬਖਸ਼ ਰਾਮ ਐਸ ਡੀ ਓ ਸਬ ਅਰਬਨ ਪੰਜਾਬ ਸਟੇਟ ਇਲੈਕਸੀਟੀ ਬੋਰਡ ਬੰਗਾ,ਰੋਟੇ ਦਵਿੰਦਰ ਕੁਮਾਰ,ਰੋਟੇ ਡਾ ਪਰਮਜੀਤ ਸਿੰਘ ਰੱਤੂ ਹੈਡ ਹੋਰਟੀਕਲਚਰ ਨਵਾਂਸ਼ਹਿਰ,ਰੋਟੇ ਬਲਵਿੰਦਰ ਸਿੰਘ ਪਾਂਧੀ,ਰੋਟੇ ਰਣਜੀਤ ਸਿੰਘ ਕਡੋਲਾ,ਰੋਟੇ ਬ੍ਰਿਜ਼ ਭੂਸ਼ਨ ਵਾਲੀਆਂ, ਮਨਜਿੰਦਰ ਸਿੰਘ, ਜਸਪਾਲ ਸਿੰਘ ਸੈਣੀ, ਮੁੱਖ ਸੇਵਾਦਾਰ ਅਮਰੀਕ ਸਿੰਘ,ਰੋਟੇ ਹਰਮਨਪ੍ਰੀਤ ਸਿੰਘ ਰਾਣਾ, ਸੁਖਵਿੰਦਰ ਸਿੰਘ ਧਾਮੀ, ਅਤੇ ਰੋਟੇ ਗੁਰਚਰਨ ਸਿੰਘ ਅਰੋੜਾ ਏ ਪਲੱਸ ਨਵਾਂਸ਼ਹਿਰ ਹਾਜ਼ਰ ਸਨ।

# ਸੰਤ ਕਬੀਰ ਕਾਲਜ ਜ਼ੀਰਾ ਨੇ ਵਿਦਿਆਰਥੀਆਂ ਲਈ 'ਡਾ ਅੰਬੇਦਕਰ ਸਕਾਲਰਸ਼ਿਪ ਦੀ ਸ਼ੁਰੂਆਤ ਕੀਤੀ

"Equality and justice" Patiala 08 July
INTERNATIONAL PAPER, 94636 01616
hardipchumber57@gmail.com



ਜ਼ੀਰਾ 8 ਜੁਲਾਈ ( ਅੰਗਰੇਜ਼ ਬਰਾੜ ) - ਸੰਤ ਕਬੀਰ ਕਾਲਜ, ਜ਼ੀਰਾ ਨੇ ਆਰਥਿਕ ਤੌਰ 'ਤੇ ਕਮਜ਼ੋਰ ਪਰ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਸਹਾਇਤਾ ਲਈ 'ਡਾ ਅੰਬੇਡਕਰ ਸਕਾਲਰਸ਼ਿਪ ਦੀ ਸ਼ੁਰੂਆਤ ਕੀਤੀ ਗਈ ਹੈ । ਇਸ ਪਹਿਲਕਦਮੀ ਦਾ ਮੁੱਖ ਮਕਸਦ ਸਮਾਜ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇ ਮੌਕੇ ਪ੍ਰਦਾਨ ਕਰਨਾ ਹੈ, ਜੋ ਆਰਥਿਕ ਸਮੱਸਿਆਵਾਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੇ। ਇਸ ਸਕੀਮ ਦੇ ਤਹਿਤ ਅਨਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ 100% ਸਕਾਲਰਸ਼ਿਪ ਦਿੱਤੀ ਜਾਵੇਗੀ, ਇਹ ਸਕਾਲਰਸ਼ਿਪ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪਸੰਦ ਦੇ ਕੋਰਸਾਂ 'ਚ ਪੜ੍ਹਾਈ ਕਰਨ ਦਾ ਮੌਕਾ ਦੇਵੇਗੀ, ਜਿਸ 'ਚ ਬੀ ਐੱਸ ਸੀ ਇਨਫਰਮੇਸ਼ਨ ਟੈਕਨੋਲੋਜੀ,ਬੀ ਸੀ ਏ ਬੀ ਐੱਸ ਸੀ ਫੈਸ਼ਨ ਟੈਕਨੋਲੋਜੀ, ਨਰਸਿੰਗ ਅਸਿਸਟੈਂਟ, ਬੀ ਏ ਅਤੇ ਬੀ ਕਾਮ ਸ਼ਾਮਲ ਹਨ। ਸੰਤ ਕਬੀਰ ਕਾਲਜ, ਜ਼ੀਰਾ ਇਕ ਜਾਣਿਆ-ਪਛਾਣਿਆ ਵਿੱਦਿਅਕ ਅਦਾਰਾ ਹੈ, ਜੋ ਲੰਮੇ ਸਮੇਂ ਤੋਂ ਖੇਤਰ ਦੇ ਵਿਦਿਆਰਥੀਆਂ ਨੂੰ ਗੁਣਵੱਤਾ ਵਾਲਾ

ਸੰਤ ਕਬੀਰ ਕਾਲਜ ਦੇ ਪ੍ਰਿੰਸੀਪਲ ਡਾ ਵੀਰਪਾਲ ਨੇ ਦੱਸਿਆ ਕਿ ਸੰਤ ਕਬੀਰ ਕਾਲਜ ਇਲਾਕੇ ਦੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਆ ਰਿਹਾ ਹੈ। ਇਸ ਕਾਲਜ ਦੇ ਚੇਅਰਮੈਨ ਗੁਰਚਰਨ ਸਿੰਘ ਅਤੇ ਮੈਨੇਜਿੰਗ ਡਾਇਰੈਕਟਰ ਡਾ ਸੁਖਦੇਵ ਸਿੰਘ ਦੀ ਅਗਵਾਈ ਹੇਠ ਇਹ ਸੰਸਥਾ ਸਿੱਖਿਆ ਦੇ ਖੇਤਰ 'ਚ ਨਵੇਂ ਮਾਪਦੰਡ ਸਥਾਪਤ ਕਰ ਰਹੀ ਹੈ। ਉਨ੍ਹਾਂ ਨੇ ਇਸ ਸਕਾਲਰਸ਼ਿਪ ਪ੍ਰੋਗਰਾਮ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਸਕੀਮ ਸਮਾਜ ਦੇ ਹਰ ਵਰਗ ਨੂੰ ਸਿੱਖਿਆ ਦੇ ਬਰਾਬਰ ਮੌਕੇ ਦੇਣ ਦੀ ਦਿਸ਼ਾ 'ਚ ਇਕ ਮਹੱਤਵਪੂਰਨ ਕਦਮ ਹੈ।ਇਸ ਦਾ ਲਾਭ ਉਨ੍ਹਾਂ ਵਿਦਿਆਰਥੀਆਂ ਨੂੰ ਮਿਲੇਗਾ, ਜੋ ਆਪਣੀ ਪ੍ਰਤਿਭਾ ਦੇ ਬਾਵਜੂਦ ਵਿੱਤੀ ਸਮੱਸਿਆਵਾਂ ਕਾਰਨ ਅੱਗੇ ਨਹੀਂ ਵਧ ਸਕਦੇ। ਕਾਲਜ ਦੇ ਪ੍ਰਿੰਸੀਪਲ ਡਾ ਵੀਰਪਾਲ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਕਾਲਰਸ਼ਿਪ ਆਰਥਿਕ ਤੌਰ 'ਤੇ ਕਮਜ਼ੋਰ ਪਰ ਪ੍ਰਤਿਭਾਸ਼ਾਲੀ ਅਨਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਉੱਚ ਸਿੱਖਿਆ ਪ੍ਰਾਪਤ ਕਰਨ ਦਾ ਇਕ ਵਧੀਆ ਮੌਕਾ ਹੈ। ਸਾਡਾ ਟੀਚਾ ਹੈ ਕਿ ਕੋਈ ਵੀ ਵਿਦਿਆਰਥੀ ਪੈਸਿਆਂ ਦੀ ਕਮੀ ਕਾਰਨ ਆਪਣੇ ਸੁਪਨਿਆਂ ਤੋਂ ਵਾਂਝਾ ਨਾ ਰਹੇ। ਉਨ੍ਹਾਂ ਅੱਗੇ ਦੱਸਿਆ ਕਿ ਇਹ ਸਕੀਮ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਕੋਰਸ ਚੁਣਨ ਦੀ ਆਜ਼ਾਦੀ ਦਿੰਦੀ ਹੈ। ਇਸ ਸਕਾਲਰਸ਼ਿਪ ਦਾ ਮਹੱਤਵ ਸਮਝਾਉਂਦਿਆਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਨਾਲ ਨਾ ਸਿਰਫ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਹੋਵੇਗਾ, ਸਗੋਂ ਸਮਾਜ 'ਚ ਸਿੱਖਿਆ ਦਾ ਪੱਧਰ ਵੀ ਉੱਚਾ ਚੁੱਕਿਆ ਜਾਵੇਗਾ! ਸੰਤ ਕਬੀਰ ਕਾਲਜ ਵਰਗੀਆਂ ਸੰਸਥਾਵਾਂ ਦੀਆਂ ਅਜਿਹੀਆਂ ਪਹਿਲ ਕਦਮੀਆਂ ਸਥਾਨਕ ਪੱਧਰ 'ਤੇ ਵਿਦਿਆਰਥੀਆਂ ਲਈ ਵੱਡਾ ਸਹਾਰਾ ਬਣਦੀਆਂ ਹਨ।

# ਮੇਰੇ ਪੁੱਤਰ ਦੇ ਕਾਤਲਾਂ ਨੂੰ ਪੁਲਿਸ ਤੁਰੰਤ ਗ੍ਰਿਫਤਾਰ ਕਰੇ-ਬੈਜਨਾਥ

"Equality and justice" Patiala 08 July
INTERNATIONAL PAPER, 94636 01616
hardipchumber57@gmail.com




ਜਲੰਧਰ 7 ਜੁਲਾਈ ( ਜੇ.ਐਸ. ਸੋਢੀ )ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਬੈਜ ਨਾਥ ਪੁੱਤਰ ਦੁਜਾਈ ਵਾਸੀ ਤਿਵਾਰੀਪੁਰਵਾ, ਮਿਰਜਾਪੁਰ, ਬਾਹਰੇਚ ਯੂ.ਪੀ. ਹਾਲ ਵਾਸੀ ਸਾਬੋਵਾਲ, ਨੇੜੇ ਅਰਬਨ ਅਸਟੇਟ ਜਲੰਧਰ ਨੇ ਦੱਸਿਆ ਕਿ ਮੇਰਾ ਮ੍ਰਿਤਕ ਪੁੱਤਰ ਰਾਹੁਲ ਜੋ ਕਿ 19 ਸਾਲ ਦਾ ਸੀ। ਉਸਦਾ ਇਕ ਅੰਜੂ ਨਾਂ ਦੀ ਲੜਕੀ ਨਾਲ ਪਿਆਰ ਦਾ ਚੱਕਰ ਸੀ ਜੋ ਕਿ ਲੜਕੀ ਦੇ ਘਰ ਵਾਲੇ ਰਾਜੂ ਕਸ਼ਿਅਪ, ਰਜਨੀਸ਼, ਰਾਜਕੁਮਾਰ ਤੇ 3 ਅਣਪਛਾਤੇ ਵਿਅਕਤੀ ਇਸ ਤੋਂ ਨਾਖੁਸ਼ ਸੀ। ਇਸ ਦੌਰਾਨ ਲੜਕੀ ਦੇ ਉਕਤ ਇਹਨਾਂ ਵਿਅਕਤੀਆ ਨੇ ਮੇਰੇ ਪੁੱਤਰ ਨੂੰ 4 ਜੂਨ ਨੂੰ ਅਰਬਨ ਅਸਟੇਟ, ਰੇਲਵੇ ਲਾਇਨ ਦੇ ਨਜ਼ਦੀਕ ਜਾਨੋਂ ਮਾਰਿਆ ਤੇ ਬਾਅਦ ਵਿੱਚ ਦਰੱਖਤ ਨਾਲ ਫਾਹਾ ਦੇ ਕੇ ਮੇਰੇ ਪੁੱਤਰ ਨੂੰ ਟੰਗ ਦਿੱਤਾ। ਮੈਂ ਇਸ ਕਤਲ ਦੀ ਰਿਪੋਰਟ ਰੇਲਵੇ ਥਾਣਾ,ਪੁਲਿਸ ਡਵੀਜ਼ਨ ਨੰਬਰ 7, ਪੁਲਿਸ ਕਮਿਸ਼ਨਰ, ਡੀ. ਜੀ. ਪੀ., ਮੁੱਖ ਮੰਤਰੀ ਪੰਜਾਬ ਅਤੇ ਡੀ. ਸੀ. ਸਾਹਿਬ ਕੋਲ ਦਿੱਤੀਆਂ ਪਰ ਪੁਲਿਸ ਵਾਲੇ ਮੇਰੀ ਕੋਈ ਵੀ ਸੁਣਵਾਈ ਨਹੀਂ ਕਰ ਰਹੇ ਹਨ ਤੇ ਅਪਰਾਧੀ ਸ਼ਰੇਆਮ ਘੁੰਮ ਰਹੇ ਹਨ। ਇਹ ਹੈ ਕਿ ਜੀ. ਆਰ. ਪੀ. ਥਾਣੇ ਵਿੱਚ ਮੇਰੀ ਐੱਫ. ਆਈ. ਆਰ. ਦੀ ਰਿਪੋਰਟ ਦਰਜ ਨਹੀਂ ਕੀਤੀ ਤੇ ਮੇਰੇ ਪੁੱਤਰ ਦੀ ਪੋਸਟ ਮਾਰਟਮ ਦੀ ਰਿਪੋਰਟ ਵੀ ਬਦਲ ਦਿੱਤੀ।ਮੇਰੇ ਪੁੱਤਰ ਦਾ ਗੱਲ੍ਹ ਬਹੁਤ ਘੁੱਟ ਕੇ ਉਕਤ ਦੋਸ਼ੀਆ ਨੇ ਉਸ ਨੂੰ ਮਾਰਿਆ ਜੋ ਬਹੁਤ ਉਚਾਈ ਤੇ ਛੋਟੀ ਤੇ ਛੋਟੀ ਸੁੱਕੀ ਲੱਕੜ ਨਾਲ ਉਸ ਨੂੰ ਲਟਕਾ ਦਿਤਾ । ਜਿਸ ਬਾਰੇ ਉਸ ਲੜਕੀ ਨੇ ਤਿੰਨ ਦਿਨ ਪਹਿਲਾ ਸਾਡੇ ਇਕ ਲੜਕੇ ਨੂੰ ਦੱਸ ਵੀ ਦਿੱਤਾ ਸੀ ਕਿ ਮੇਰੇ ਘਰ ਵਾਲੇ ਕੁਝ ਅਪਰਾਧੀਆਂ ਨਾਲ ਮਿਲ ਕੇ ਰਾਹੁਲ ਨੂੰ ਮਾਰਨਾ ਚਾਹੁੰਦੇ ਹਨ,ਪਰ ਇਹ ਗੱਲ ਮੈਨੂੰ ਮੇਰੇ ਪੁੱਤਰ ਦੇ ਕਤਲ ਤੋਂ ਬਾਦ ਵਿੱਚ ਪਤਾ ਚੱਲੀ । ਮੇਰੀ ਪ੍ਰਸ਼ਾਸਨ ਨੂੰ,ਸਰਕਾਰ ਨੂੰ ਬੇਨਤੀ ਹੈ ਕਿ ਮੇਰੇ ਪੁੱਤਰ ਦੇ ਕਤਲ ਦਾ ਇਨਸਾਫ ਮੈਨੂੰ ਦੁਆਇਆ ਜਾਵੇ ਤੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ।

# ਪੱਛੜੀਆਂ ਸ਼੍ਰੇਣੀਆਂ ਦੇ ਕਰਜ਼ੇ ਵੀ ਕੀਤੇ ਜਾਣ ਮਾਫ਼- ਤੀਰਥ ਰਾਜਪੁਰਾ

"Equality and justice"
Patiala 08 July
INTERNATIONAL PAPER, 9463601616
hardipchumber57@gmail.com

ਫਿਲੌਰ/ਅੱਪਰਾ (ਦੀਪ)-ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸਟੇਟ ਕੋਆਰਡੀਨੇਟਰ ਤੀਰਥ ਰਾਜਪੁਰਾ ਨੇ ਕਿਹਾ ਕਿ ਜਿੱਥੇ ਸਰਕਾਰ ਹਰ ਵਰਗ ਦੇ ਕਰਜੇ ਮਾਫ ਕਰ ਰਹੀ ਹੈ, ਜਿਨਾਂ 'ਚ ਸਮਾਜ ਦੇ ਸਾਰੇ ਵਰਗ ਆਉਂਦੇ ਹਨ, ਸਰਕਾਰ ਨੂੰ ਚਾਹੀਦਾ ਹੈ ਕਿ ਪੱਛੜੀਆਂ ਸ੍ਰੇਣੀਆਂ (ਬੀ. ਸੀ) ਵਰਗ ਦੇ ਕਰਜੇ ਵੀ ਮਾਫ ਕੀਤੇਜਾਣ | ਸ੍ਰੀ ਤੀਰਥ ਰਾਜਪੁਰਾ ਸਟੇਟ ਕੋਆਰਡੀਨੇਟਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਬੀ. ਸੀ ਵਰਗ ਨਾਲ ਹਮੇਸ਼ਾਂ ਹੀ ਵਾਅਦਾ ਕਰਕੇ ਉਸਨੂੰ ਕਦੇ ਵੀ ਇਨਸਾਫ਼ ਨਹੀਂ ਦਿੱਤਾ ਹੈ | ਇਸ ਲਈ ਬਹੁਜਨ ਸਮਾਜ ਪਾਰਟੀ ਵਲੋਂ ਪੁਰਜੋਰ ਮੰਗ ਹੈ ਕਿ ਪੱਛੜੀਆਂ ਸ੍ਰੇਣੀਆਂ (ਬੀ. ਸੀ) ਵਰਗ ਦੇ ਕਰਜੇ ਮਾਫ਼ ਕੀਤੇ ਜਾਣ ਤੇ ਸਮਾਜ 'ਚ ਉਨਤ ਹੋਣ ਲਈ ਵਧੀਆ ਸਾਧਨ ਮੁਹੱਈਆ ਕਰਵਾਏ ਜਾਣ | ਸਟੇਟ ਕੋਆਰਡੀਨੇਟਰ ਬਹੁਜਨ ਸਮਾਜ ਪਾਰਟੀ ਦੇ ਸਟੇਟ ਕੋਆਰਡੀਨੇਟਰ ਤੀਰਥ ਸਿੰਘ ਰਾਜਪੁਰਾ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਇਸ ਦੇਸ਼ ਦੇ ਅੰਦਰ ਬਹੁਜਨ ਦਾ



ਰਾਜ ਸਥਾਪਿਤ ਹੋਵੇ ਤਾਂ ਇਕ ਅਸੀਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਤੇ ਭੈਣ ਮਾਇਆਵਤੀ ਜੀ ਦੇ ਸੁਪਨਿਆ ਨੂੰ ਸਾਕਾਰ ਕਰ ਸਕੀਏ

# ਯੁਵਾ ਅਰੋੜਾਵੰਸ਼ ਵੈਲਫੇਅਰ ਸੋਸਾਇਟੀ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਜਾਰੀ

"Equality and justice"
Patiala 08 July
INTERNATIONAL PAPER, 9463601616
hardipchumber57@gmail.com

ਰਤੀਆ/ਸੁਨੀਲ ਕੁਮਾਰ ਯੁਵਾ ਅਰੋੜਾਵੰਸ਼ ਵੈਲਫੇਅਰ ਸੋਸਾਇਟੀ ਵੱਲੋਂ ਵਾਤਾਵਰਣ ਸੁਰੱਖਿਆ ਲਈ ਪੌਦੇ ਲਗਾਉਣ ਦੀ ਮੁਹਿੰਮ ਜਾਰੀ ਹੈ। ਇਸ ਮੁਹਿੰਮ ਤਹਿਤ ਪ੍ਰਧਾਨ ਡਾ. ਪਿਯੂਸ਼ ਅਰੋੜਾ ਦੀ ਅਗਵਾਈ ਹੇਠ, ਮੈਂਬਰਾਂ ਨੇ ਸ਼ਹਿਰ ਦੇ ਫਤਿਹਾਬਾਦ ਰੋਡ 'ਤੇ ਸਥਿਤ ਪੀਡਬਲਯੂਡੀ



ਰੈਸਟ ਹਾਊਸ ਵਿੱਚ ਫੁੱਲਦਾਰ ਪੌਦੇ ਲਗਾਏ। ਇਸ ਮੌਕੇ 'ਤੇ, ਸੁਸਾਇਟੀ ਮੈਂਬਰਾਂ ਵੱਲੋਂ ਵਿਭਾਗ ਦੇ ਜੇਈ ਗੁਲਸ਼ਨ ਕੁਮਾਰ ਦੀ ਨਿਗਰਾਨੀ ਹੇਠ ਫੁੱਲਦਾਰ ਪੌਦੇ ਲਗਾਏ ਗਏ। ਇਸ ਮੌਕੇ 'ਤੇ ਜੇਈ ਗੁਲਸ਼ਨ ਕੁਮਾਰ ਨੇ ਕਿਹਾ ਕਿ ਵਾਤਾਵਰਣ ਦੀ ਦੇਖਭਾਲ ਕਰਨਾ ਸਾਡੀ ਪਹਿਲੀ ਜ਼ਿੰਮੇਵਾਰੀ ਹੈ। ਜੇਕਰ ਸਾਡੇ ਆਲੇ ਦੁਆਲੇ ਦਾ ਵਾਤਾਵਰਣ ਹਰਾ-ਭਰਾ ਦਿਖਾਈ ਦਿੰਦਾ ਹੈ, ਤਾਂ ਅਸੀਂ ਨਾ ਸਿਰਫ਼ ਚੰਗਾ ਮਹਿਸੂਸ ਕਰਾਂਗੇ ਬਲਕਿ ਇਸਦਾ ਸਮਾਜ ਵਿੱਚ ਰਹਿਣ ਵਾਲੇ ਲੋਕਾਂ 'ਤੇ ਵੀ ਸਕਾਰਾਤਮਕ ਪ੍ਰਭਾਵ ਪਵੇਗਾ। ਇਸ ਦੌਰਾਨ, ਸੁਸਾਇਟੀ ਮੈਂਬਰਾਂ ਨੇ ਢੁਕਵੀਆਂ ਥਾਵਾਂ 'ਤੇ ਰੁੱਖ ਲਗਾਏ। ਇਸ ਮੌਕੇ ਹੈਪੀ ਸਿੰਘ ਸੇਠੀ, ਰਣਜੀਤ ਸਿੰਘ ਬਿੱਟੂ, ਪ੍ਰੇਮ ਸੇਠੀ, ਮੋਹਨ ਚਿਲਾਣਾ, ਮੁਨੀਸ਼ ਕੱਕੜ, ਸੁਰੇਸ਼ ਸੇਠੀ, ਨੀਰਜ ਕੱਕੜ, ਕਰਨ ਚਿਲਾਣਾ ਮੌਜੂਦ ਸਨ।

# ਮੋਗਾ ਕਨਵੈਂਸ਼ਨ ਵਿੱਚ ਪੰਜਾਬ ਭਰ ਤੋਂ ਅਧਿਆਪਕ ਕਰਨਗੇ ਸ਼ਾਮੂਲੀਅਤ-,,, ਅਮਨਦੀਪ ਸ਼ਰਮਾ

## ਅਧਿਆਪਕਾਂ ਦੇ ਅਹਿਮ ਮਸਲਿਆਂ ਤੇ ਹੋਵੇਗੀ ਗੱਲਬਾਤ-,,, ਭਗਵੰਤ ਭਟੇਜਾ

"Equality and justice"
Patiala 08 July
INTERNATIONAL PAPER, 9463601616
hardipchumber57@gmail.com

ਮਾਨਸਾ/ਬੁਢਲਾਡਾ 08 ਜੁਲਾਈ (ਆਤਮਾ ਸਿੰਘ ਪਮਾਰ)

ਮੁੱਖ ਅਧਿਆਪਕ ਅਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਵੱਲੋਂ 12 ਜੁਲਾਈ ਨੂੰ ਮੋਗਾ ਵਿਖੇ ਸ਼ਹੀਦ ਨਛੱਤਰ ਸਿੰਘ ਹਾਲ ਵਿਖੇ ਕਰਵਾਈ ਜਾ ਰਹੀ ਕਨਵੈਂਸ਼ਨ 'ਚ ਪੰਜਾਬ ਭਰ ਤੋਂ ਅਧਿਆਪਕ ਭਾਗ ਲੈਣਗੇ। ਜਥੇਬੰਦੀ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਕਨਵੈਂਸ਼ਨ ਵਿੱਚ ਅਧਿਆਪਕਾਂ ਦੇ ਮਸਲਿਆਂ /ਮੰਗਾਂ ਤੇ ਵਿਸਥਾਰਿਤ ਵਿਚਾਰ ਚਰਚਾ ਹੋਵੇਗੀ ਉਹਨਾਂ ਕਿਹਾ ਕਿ ਡੀ ਏ ਦੀਆਂ 13% ਕਿਸਤਾਂ ਜਾਰੀ ਕਰਨ, ਪੇਂਡੂ ਭੱਤਾ ਬਹਾਲ ਕਰਨਾ ,ਹੈਡ ਟੀਚਰ ਦੀ ਪੋਸਟ ਨੂੰ ਪ੍ਰਬੰਧਕੀ ਬਣਾਉਣ, ਸੈਂਟਰ ਪੱਧਰ ਤੇ ਡਾਟਾ ਆਪਰੇਟਰ ਦੀ ਆਸਾਮੀ ਦੇਣ, ਪੇ ਕਮਿਸ਼ਨ ਦੀਆਂ ਅਨਾਮਲੀਆਂ ਹੱਲ ਕਰਨਾ, ਪੰਜਾਬ ਭਰ ਦੇ ਅਧਿਆਪਕਾਂ ਦੀਆਂ ਤਰੱਕੀਆਂ ਨੂੰ ਸਮਾਂਬੱਧ ਕਰਨਾ, ਦੂਰ ਦੁਰਾਡੇ ਬੈਠੇ ਅਧਿਆਪਕਾਂ ਨੂੰ ਬਦਲੀਆਂ ਦਾ ਮੌਕਾ ਦੇਣਾ ਆਦਿ ਅਹਿਮ ਮਸਲਿਆਂ ਨੂੰ ਸਰਕਾਰ ਤੱਕ ਪਹੁੰਚਦਾ ਕਰਨ ਦਾ ਯਤਨ ਕੀਤਾ ਜਾਵਗਾ।

ਜਥੇਬੰਦੀ ਪੰਜਾਬ ਦੇ ਸਲਾਹਕਾਰ ਭਗਵੰਤ ਭਟੇਜਾ ਨੇ ਕਿਹਾ ਕਿ ਅਧਿਆਪਕਾਂ ਦੀਆਂ ਬੇਲੋੜੀਆਂ ਡਿਊਟੀਆਂ ਨੂੰ ਤੁਰੰਤ ਕੱਟਣਾ, ਖਾਲੀ ਪਈਆਂ ਅਧਿਆਪਕਾਂ ਦੀਆਂ ਪੋਸਟਾਂ ਪੁਰ ਕਰਨਾ, ਪ੍ਰਾਇਮਰੀ ਤੋਂ ਹੈਡ ਟੀਚਰ ,ਸੈਂਟਰ ਹੈਡ ਟੀਚਰ,ਬਲਾਕ ਸਿੱਖਿਆ ਅਫਸਰਾਂ ਅਤੇ ਮਾਸਟਰ ਕਾਡਰ ਦੀਆਂ ਤਰੱਕੀਆਂ ਕਰਨਾ ਆਦਿ ਅਹਿਮ ਮਸਲੇ ਵੀ ਚਿਰਾਂ ਤੋਂ ਲਟਕ ਰਹੇ ਹਨ ਸਰਕਾਰ ਇਹਨਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਰਹੀ ਹੈ। ਉਹਨਾਂ ਕਿਹਾ ਕਿ ਕਨਵੈਂਸ਼ਨ ਉਪਰੰਤ ਸਰਕਾਰ ਵੱਲੋਂ ਗਠਤ ਕੈਬਨਿਟ ਸਬ ਕਮੇਟੀ ਨੂੰ ਮੀਟਿੰਗ ਨੂੰ ਅਧਿਕਾਰੀਆਂ ਰਾਹੀਂ ਇੱਕ ਮੰਗ ਪੱਤਰ ਵੀ ਭੇਜਿਆ ਜਾਵੇਗਾ। ਕਨਵੈਨਸ਼ਨ ਦੀ ਤਿਆਰੀ ਲਈ ਗੁਰਦਾਸਪੁਰ ਤੋਂ ਬਲਜੀਤ ਗੁਰਦਾਸਪੁਰ ਹੋਸ਼ਿਆਰਪੁਰ ਤੋਂ ਜਸਬੀਰ ਹੁਸ਼ਿਆਰਪੁਰ, ਬਰਨਾਲਾ ਤੋਂ ਮਾਲਵਿੰਦਰ ਬਰਨਾਲਾ



ਪਟਿਆਲਾ ਤੋਂ ਪਰਮਜੀਤ ਸਿੰਘ ਤੇਰ ਸੰਗਰੂਰ ਤੋਂ ਸੁਖਬੀਰ ਸਿੰਘ,ਅਮਨਦੀਪ ਪਾਤੜਾ, ਨਾਭਾ ਤੋਂ ਲਵਨੀਸ਼ ਗੋਇਲ, ਭਾਰਤ ਭੂਸ਼ਨ ਗੋਇਲ, ਸੁਨਾਮ ਤੋਂ ਓਮ ਪ੍ਰਕਾਸ਼ ਗੋਇਲ ,ਕਮਲ ਗੋਇਲ ਫਾਜ਼ਿਲਕਾ ਤੋਂ ਭਗਵੰਤ ਭਟੇਜਾ,ਬਠਿੰਡਾ ਤੋਂ ਪਰਮਜੀਤ ਸਿੰਘ ਤਲਵੰਡੀ, ਮੋਹਾਲੀ ਤੋਂ ਦੀਪਕ ਮਹਾਲੀ ਆਦਿ ਸਾਥੀਆਂ ਦੀਆਂ ਡਿਊਟੀਆਂ ਪਹਿਲਾਂ ਹੀ ਲਗਾ ਦਿੱਤੀਆਂ ਹਨ।

# ਸਰਕਾਰੀ ਸਕੂਲਾਂ ਵਿਚ ਦਾਖਲਾ ਵਧਾਉਣ ਵਾਲੇ ਅਧਿਆਪਕਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ

"Equality and justice"
Patiala 08 July
INTERNATIONAL PAPER, 9463601616
hardipchumber57@gmail.com

ਜ਼ੀਰਾ 8 ਜੁਲਾਈ ( ਅੰਗਰੇਜ਼ ਬਰਾੜ ) - ਸਰਕਾਰੀ ਸਕੂਲਾਂ ਦੇ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਸਰਕਾਰ ਦਿਨ ਪ੍ਰਤੀ ਦਿਨ ਨਵੀਆਂ ਨੀਤੀਆਂ ਚਾਲੂ ਕਰ ਰਹੀ ਹੈ, ਉਥੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਨੂੰ ਲੈ ਕੇ ਵੀ ਨਵੀਆਂ ਹਦਾਇਤਾਂ ਜਾਰੀ ਕਰਦੀ ਹੈ! ਸਰਕਾਰ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਜਿਲ੍ਹਾ ਸਿੱਖਿਆ



ਅਫ਼ਸਰ ਮੈਡਮ ਪਰਮਜੀਤ ਕੌਰ ਅਤੇ ਉੱਪ ਜਿਲ੍ਹਾ ਸਿੱਖਿਆ ਅਫਸਰ ਅਨਿਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀ ਪੀ ਈ ਓ ਤੋਂ ਲੈ ਕੇ ਸਕੂਲ ਅਧਿਆਪਕਾ ਤੱਕ ਕੀਤੀ ਗਈ! ਏਸੇ ਨੀਤੀ ਤਹਿਤ ਅੱਜ ਜਿਲ੍ਹਾ ਗੁਰਦਾਸਪੁਰ ਦੇ ਬਲਾਕ ਧਾਰੀਵਾਲ -1 ਦੇ ਬੀ ਪੀ ਈ ਓ ਸ੍ਰ ਬਲਵਿੰਦਰ ਸਿੰਘ ਗਿੱਲ ਨੇ ਦਾਖਲਾ ਮੁਹਿੰਮ ਨੂੰ ਪੂਰੀ ਤਨਦੇਹੀ ਨਾਲ ਪੂਰਾ ਕਰਨ ਤੇ ਆਪਣੇ ਅਧੀਨ ਆਉਂਦੇ ਸਮੂਹ ਅਧਿਆਪਕਾ ਨੂੰ ਸਨਮਾਨਿਤ ਕੀਤਾ ਹੈ!

ਉਹਨਾਂ ਅਧਿਆਪਕਾ ਨੂੰ ਸਨਮਾਨ ਪੱਤਰ ਦੇ ਕੇ ਉਹਨਾਂ ਦੀ ਹੌਸਲਾ ਅਫ਼ਜਾਈ ਕੀਤੀ ਅਤੇ ਅੱਗੇ ਤੋਂ ਆਪਣੀ ਡਿਊਟੀ ਹੋਰ ਤਨਦੇਹੀ ਨਾਲ ਨਿਭਾਉਣ ਅਤੇ ਮਿਥੇ ਟੀਚਿਆ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ ! ਇਸ ਸਮੇਂ ਬਲਾਕ ਧਾਰੀਵਾਲ -1 ਦੇ ਸਾਬਕਾ ਬੀ ਪੀ ਈ ਓ ਸ੍ਰੀ ਨੀਰਜ ਕੁਮਾਰ, ਸਮੂਹ ਸੀ ਐਚ ਟੀ, ਸਮੂਹ ਦਫ਼ਤਰੀ ਸਟਾਫ਼, ਅਤੇ ਸਮੂਹ ਅਧਿਆਪਕਾ ਨੇ ਸਮੂਲੀਅਤ ਕੀਤੀ! ਅਧਿਆਪਕਾ ਨੇ ਗੱਲਬਾਤ ਦੌਰਾਨ ਦੱਸਿਆ ਕੇ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਅਧਿਆਪਕਾਂ ਨੂੰ ਕਿਸੇ ਅਫ਼ਸਰ ਨੇ ਆਪਣੇ ਤੌਰ ਤੇ ਸਨਮਾਨਿਤ ਕੀਤਾ ਹੈ, ਉਹਨਾਂ ਜਿੱਥੇ ਬੀ ਪੀ ਈ ਓ ਦਾ ਧੰਨਵਾਦ ਕੀਤਾ ਉਥੇ ਅੱਗੇ ਤੋਂ ਆਪਣੀ ਡਿਊਟੀ ਹੋਰ ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਣ ਕੀਤਾ!

# *ਡੈਮੋਕਰੈਟਿਕ ਟੀਚਰਜ ਫਰੰਟ ਵੱਲੋਂ ਵਿੱਤੀ ਪਾਬੰਦੀਆਂ ਖਿਲਾਫ਼ ਜ਼ਿਲ੍ਹਾ ਖਜ਼ਾਨਾ ਦਫਤਰ ਅੱਗੇ ਕੀਤਾ ਰੋਸ ਪ੍ਰਦਰਸ਼ਨ

## *ਤਨਖਾਹਾਂ ਸਮੇਤ ਹਰ ਤਰ੍ਹਾਂ ਦੇ ਬਕਾਏ ਤੁਰੰਤ ਜਾਰੀ ਕਰਨ ਦੀ ਕੀਤੀ ਮੰਗ

"Equality and justice"
Patiala 08 July
INTERNATIONAL PAPER, 9463601616
hardipchumber57@gmail.com



ਮਾਨਸਾ8 ਜੁਲਾਈ (ਆਤਮਾ ਸਿੰਘ ਪਮਾਰ)ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਲਗਾਈ ਗਈ ਅਣ -ਐਲਾਨੀ ਵਿੱਤੀ ਐਮਰਜੈਂਸੀ ਖ਼ਿਲਾਫ਼ ਅਧਿਆਪਕ ਵਰਗ ਦਾ ਤਿੱਖਾ ਰੋਹ ਅੱਜ ਉਸ ਸਮੇਂ ਦੇਖਣ ਦੇਖਣ ਨੂੰ ਮਿਲਿਆ ਜਦੋਂ ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕਰੈਟਿਕ ਟੀਚਰਜ਼ ਫਰੰਟ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਜ਼ਿਲਾ ਸਕੱਤਰ ਹਰਜਿੰਦਰ ਅਨੂਪਗੜ੍ਹ ਦੀ ਅਗਵਾਈ ਹੇਠ ਜ਼ਿਲ੍ਹਾ ਖਜ਼ਾਨਾ ਦਫ਼ਤਰ ਮਾਨਸਾ ਵਿਖੇ ਵੱਡੀ ਗਿਣਤੀ 'ਚ ਪੁੱਜੇ ਅਧਿਆਪਕਾਂ ਵੱਲੋਂ ਸਰਕਾਰ ਖ਼ਿਲਾਫ਼ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਬੈਹਣੀਵਾਲ ਅਤੇ ਗੁਰਪ੍ਰੀਤ ਭੀਖੀ ਨੇ ਦੱਸਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਜ਼ੁਬਾਨੀ ਹੁਕਮਾਂ ਰਾਹੀਂ ਤਨਖਾਹਾਂ ਰੋਕ ਦਿੱਤੀਆਂ ਜਾਂਦੀਆਂ ਹਨ।। ਇਸ ਵਾਰ ਵੀ ਜੂਨ ਮਹੀਨੇ ਦੀ ਤਨਖਾਹ ਕਈ ਜਿਲਿਆ ਵਿੱਚ ਰੋਕੀ ਹੋਈ ਹੈ। ਇਸ ਤੋਂ ਬਿਨਾਂ ਕੋਈ ਵੀ ਬਕਾਇਆ ਪੰਜਾਬ ਸਰਕਾਰ ਵੱਲੋਂ ਜਾਰੀ ਨਹੀਂ ਕੀਤਾ ਗਿਆ। ਅਧਿਆਪਕ ਆਗੂਆਂ ਸ਼ਿੰਗਾਰਾ ਸਿੰਘ,ਤਰਸੇਮ ਬੋੜਾਵਾਲ, ਹਰਫੂਲ ਬੇਹਾ, ਚਰਨਪਾਲ ਸਿੰਘ, ਸੁਖਚੈਨ ਸੇਖੋਂ ਨੇ ਦੱਸਿਆ ਕਿ ਅਧਿਆਪਕਾਂ ਦੇ ਮੈਡੀਕਲ ਪ੍ਰਤੀਪੂਰਤੀ ਬਿੱਲ, ਜੀ ,ਪੀ, ਐਫ਼, ਐਡਵਾਂਸ ਅਤੇ ਫਾਈਨਲ ਅਦਾਇਗੀ ਦੇ ਬਿੱਲ 5178 ਅਤੇ 4161 ਅਧਿਆਪਕਾਂ ਦੇ ਬਕਾਇਆ ਰਾਸ਼ੀਆਂ ਤੇ ਜ਼ਬਾਨੀ ਰੋਕਾਂ ਲਗਾ ਕੇ ਅਧਿਆਪਕਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਅਧਿਆਪਕ ਆਗੂ ਦਰਸ਼ਨ ਅਲੀਸ਼ੇਰ, ਨਵੀਨ ਬੋਹਾ,ਮੱਘਰ ਸਿੰਘ ਨੇ ਮੰਗ ਕੀਤੀ ਕਿ ਖਜਾਨਾ ਦਫਤਰਾਂ ਤੇ ਥੋਪੀਆਂ ਹਰ ਤਰ੍ਹਾਂ ਦੀਆਂ ਪਾਬੰਦੀਆਂ ਤੁਰੰਤ ਖ਼ਤਮ ਕੀਤੀਆਂ ਜਾਣ। ਸੇਵਾ ਮੁਕਤ ਹੋਣ ਵਾਲੇ ਅਧਿਆਪਕਾਂ ਦੇ ਹਰ ਤਰ੍ਹਾਂ ਦੇ ਬਕਾਇਆ ਦੀ ਅਦਾਇਗੀ 15 ਦਿਨਾਂ ਦੇ ਵਿੱਚ ਵਿੱਚ ਕੀਤੀ ਜਾਵੇ। ਐਕਸ ਗਰੇਸ਼ੀਆ ਜਾਰੀ ਕਰਨ ਵਿਚ ਕਿਸੇ ਤਰ੍ਹਾਂ ਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਕੇਂਦਰੀ ਤਨਖਾਹ ਕਮਿਸ਼ਨ ਦੀ ਆੜ੍ਹ ਹੇਠ ਤਨਖਾਹ ਕਟੌਤੀ ਰੱਦ ਕੀਤੀ ਜਾਵੇ। ਪੇਂਡੂ ਭੱਤੇ ਸਮੇਤ ਕੱਟੇ ਹੋਏ 37 ਤਰ੍ਹਾਂ ਦੇ ਭੱਤਿਆਂ ਨੂੰ ਮੁੜ ਬਹਾਲ ਕੀਤਾ ਜਾਵੇ। ਰੋਸ ਪ੍ਰਦਰਸ਼ਨ ਉਪਰੰਤ ਵਿੱਤ ਮੰਤਰੀ ਪੰਜਾਬ ਦੇ ਨਾਮ ਜ਼ਿਲ੍ਹਾ ਖਜ਼ਾਨਾ ਅਫ਼ਸਰ ਮਾਨਸਾ ਰਾਹੀਂ ਇੱਕ ਮੰਗ ਪੱਤਰ ਵੀ ਭੇਜਿਆ ਗਿਆ। ਰੋਸ ਪ੍ਰਦਰਸਨ ਵਿੱਚ ਵੱਡੀ ਗਿਣਤੀ ਵਿਚ ਅਧਿਆਪਕ ਆਗੂਆਂ ਅਤੇ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਮਨਦੀਪ ਕੋਟਲੀ, ਕਰਨਪਾਲ ਸਿੰਘ, ਜਰਨੈਲ ਬੋਹਾ, ਸਿਕੰਦਰ ਢਿੱਲੋਂ, ਰਾਜਿੰਦਰ ਸਿੰਘ, ਰਾਜੇਸ਼ ਕੁਮਾਰ, ਰਾਜਵਿੰਦਰ ਅਕਲੀਆ ਤਲਵੰਡੀ, ਕੁਲਦੀਪ ਅੱਕਾਂਵਾਲੀ, ਗੁਰਦੀਪ ਬਰਨਾਲਾ, ਗੁਰਜੀਤ ਰੜ, ਜਸਵਿੰਦਰ ਕਾਮਰੇਡ, ਦਮਨਜੀਤ ਸਿੰਘ, ਰੁਪਿੰਦਰਪਾਲ ਸਿੰਘ, ਜਗਪਾਲ ਸਿੰਘ, ਰਾਜਪਾਲ ਸਿੰਘ ਆਦਿ ਵੀ ਹਾਜ਼ਰ ਸਨ|

# ਏ ਐਸ ਆਈ ਕਰਮ ਸਿੰਘ ਐਸ ਐਚ ਓ ਬਣੇ

"Equality and justice"
Patiala 08 July
INTERNATIONAL PAPER, 9463601616
hardipchumber57@gmail.com

ਜ਼ੀਰਾ 8 ਜੁਲਾਈ ( ਅੰਗਰੇਜ਼ ਬਰਾੜ ) - ਪੁਲਿਸ ਵਿਭਾਗ ਵੱਲੋਂ ਏ ਐਸ ਆਈ ਕਰਮ ਸਿੰਘ ਨੂੰ ਚੰਗੀਆ ਸੇਵਾਵਾਂ ਨਿਭਾਉਣ ਬਦਲੇ ਤਰੱਕੀ ਦਿੰਦੇ ਹੋਏ ਸਬ ਇੰਸਪੈਕਟਰ ਪ੍ਰਮੋਟ ਕੀਤਾ ਗਿਆ ਹੈ, ਜਿਹੜੇ ਕਿ ਸਬ ਇੰਸਪੈਕਟਰ ਕਰਮ ਸਿੰਘ ਨੇ ਬਤੌਰ ਮੁੱਖ ਮੁਨਸ਼ੀ ਅਤੇ ਚੌਂਕੀ ਇੰਚਾਰਜ ਸਬ ਡਵੀਜਨ ਜੀਰਾ ਜਿਲ੍ਹਾ ਫਿਰੋਜ਼ਪੁਰ ਅਤੇ ਜਿਲ੍ਹਾ ਤਰਨਤਾਰਨ ਵਿਖੇ ਸਫਲ ਤਫਤੀਸ਼ੀ ਅਫਸਰ ਵਜੋ ਸੇਵਾਵਾ ਨਿਭਾਈਆ ਹਨ। ਜੋ ਇਸ ਵਕਤ ਵਧੀਕ ਐਸ ਐਚ ਓ ਥਾਣਾ ਝਬਾਲ ਜਿਲ੍ਹਾ ਤਰਨਤਾਰਨ ਸੇਵਾ ਨਿਭਾ ਰਹੇ ਹਨ। ਜਿਹਨਾਂ ਨੂੰ ਇੰਸਪੈਕਟਰ ਪਰਮਜੀਤ ਸਿੰਘ ਐਸ ਐਚ ਓ ਝਬਾਲ ਜਿਲ੍ਹਾ ਤਰਨਤਾਰਨ ਨੇ ਸਟਾਰ ਲਗਾਏ ਗਏ। ਜ਼ਿਕਰਯੋਗ ਹੈ ਕਿ ਐਸ ਐਚ ਓ ਸਰਦਾਰ ਕਰਮ ਸਿੰਘ ਜੀਰਾ ਵਿਖੇ ਪੁਲਿਸ ਵਿਭਾਗ ਵਿੱਚ ਆਪਣੀਆਂ ਚੰਗੀਆਂ ਸੇਵਾਵਾਂ ਨਿਭਾਉਂਦੇ ਹੋਏ ਜੀਰਾ ਇਲਾਕੇ ਦੇ ਹਰਮਨ ਪਿਆਰੇ ਪੁਲਿਸ ਅਫਸਰ ਸਨ, ਜਿਨਾਂ



ਦੀ ਸ਼ਖਸ਼ੀਅਤ ਤੋਂ ਜੀਰਾ ਇਲਾਕੇ ਦਾ ਬੱਚਾ ਬੱਚਾ ਵਾਕਿਫ ਹੈ!

# ਸੰਜੀਵਨੀ ਸ਼ਰਣਮ ਦੇ ਸੰਸਥਾਪਕ ਦਿਵਸ 'ਤੇ 'ਮਿਸਟਿਕ ਮਿਊਜ਼ਿਕ ਮੌਰਨਿੰਗ' ਦਾ ਸ਼ਾਨਦਾਰ ਸਮਾਗਮ ਕਰਵਾਇਆ ਗਿਆ

## - ਸਮਾਜ ਵਿੱਚ ਖੁਸ਼ੀਆਂ ਫੈਲਾਉਣ ਲਈ ਸੰਸਥਾਪਕ ਸੰਗੀਤਾ ਮਿੱਤਲ ਨੂੰ ਸ਼ੁਭਕਾਮਨਾਵਾਂ

"Equality and justice"
Patiala 08 July
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 8 ਜੁਲਾਈ ( ਤਰਸੇਮ ਦੀਵਾਨਾ ) ਸੰਜੀਵਨੀ ਸ਼ਰਣਮ ਦੇ ਸੰਸਥਾਪਕ ਦਿਵਸ ਦੇ ਮੌਕੇ 'ਤੇ 'ਮਿਸਟਿਕ ਮਿਊਜ਼ਿਕ ਮੌਰਨਿੰਗ' ਦਾ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਲੋਟਸ ਹਾਲ ਵਿਖੇ ਆਯੋਜਿਤ ਸ਼ਾਨਦਾਰ ਸਮਾਰੋਹ ਦੌਰਾਨ ਸੰਜੀਵਨੀ ਰੇਕੀ ਹੀਲਰਜ਼ ਨੇ ਸ਼ਰਣਮੀਆਂ ਅਤੇ ਹੋਰ ਉੱਘੇ ਨਾਗਰਿਕਾਂ ਨਾਲ ਸ਼੍ਰੀਮਤੀ ਮਿੱਤਲ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਹਰ ਸਾਲ ਸੰਜੀਵਨੀ ਸ਼ਰਣਮ ਦਾ ਸੰਸਥਾਪਕ ਦਿਵਸ ਪ੍ਰਮੁੱਖ ਅਧਿਆਤਮਿਕ ਮਾਰਗਦਰਸ਼ਕ, ਦੂਰਦਰਸ਼ੀ ਅਤੇ ਸਮਾਜਿਕ ਕਾਰਕੁਨ ਸ਼੍ਰੀਮਤੀ ਸੰਗੀਤਾ ਮਿੱਤਲ ਦੇ ਜਨਮਦਿਨ ਨੂੰ ਮਨਾਉਣ ਲਈ ਮਨਾਇਆ ਜਾਂਦਾ ਹੈ। ਸੋਨਾਲੀਕਾ ਗਰੁੱਪ ਆਫ਼ ਇੰਡਸਟਰੀਜ਼ ਦੇ ਵਾਈਸ ਚੇਅਰਮੈਨ ਅੰਮ੍ਰਿਤ ਸਾਗਰ ਮਿੱਤਲ ਦੀ ਮੌਜੂਦਗੀ ਨੇ ਦਿਨ ਨੂੰ ਹੋਰ ਵੀ ਆਕਰਸਿਤ ਬਣਾ ਦਿੱਤਾ। ਸਮਾਰੋਹ ਦੌਰਾਨ, ਮਿੱਤਲ ਪਰਿਵਾਰ ਦੀ ਵੱਡੀ ਧੀ, ਪ੍ਰਸਿੱਧ ਸਾਊਂਡ ਹੀਲਰ ਸਾਗਰਿਕਾ ਮਿੱਤਲ ਨੇ ਇਸ ਮੌਕੇ ਕਿਹਾ ਕਿ ਹਰ ਕੋਈ ਸ਼੍ਰੀਮਤੀ ਮਿੱਤਲ ਨੂੰ ਸਮਾਜ ਭਲਾਈ ਕਾਰਜਾਂ ਰਾਹੀਂ ਖੁਸ਼ੀ ਫੈਲਾਉਣ ਦੀ ਪਰਮਾਤਮਾ ਦੁਆਰਾ ਦਿੱਤੀ ਗਈ ਯੋਗਤਾ 'ਤੇ ਬਹੁਤ ਮਾਣ ਕਰਦਾ ਹੈ ਅਤੇ ਇਸ ਕਿਰਪਾ ਲਈ ਪਰਮਾਤਮਾ ਦਾ ਬਹੁਤ ਧੰਨਵਾਦੀ ਹੈ। ਇਸ ਤੋਂ ਇਲਾਵਾ, ਜਦੋਂ ਉਹ ਸ਼ਰਣਮ ਦੇ ਮੈਂਬਰਾਂ, ਰੇਕੀ ਹੀਲਰਾਂ ਅਤੇ ਅੰਮ੍ਰਿਤਮ ਸੇਵਾਮੁਕਤ ਲੋਕਾਂ ਦਾ ਸ਼੍ਰੀਮਤੀ ਮਿੱਤਲ ਪ੍ਰਤੀ ਪਿਆਰ ਦੇਖਦੀ ਹੈ, ਤਾਂ ਪੂਰਾ ਸੋਨਾਲੀਕਾ ਪਰਿਵਾਰ ਇਸ ਲਈ ਆਪਣੇ ਆਪ ਨੂੰ ਬਹੁਤ ਭਾਗਸ਼ਾਲੀ ਸਮਝਦਾ ਹੈ। ਸੋਨਾਲੀਕਾ ਗਰੁੱਪ ਦੇ ਡਾਇਰੈਕਟਰ ਸੁਸ਼ਾਂਤ ਸਾਗਰ ਮਿੱਤਲ, ਸ਼੍ਰੀਮਤੀ ਆਕਾਂਕਸ਼ਾ ਮਿੱਤਲ, ਡਾ. ਗੀਤਿਕਾ ਮਿੱਤਲ ਤੋਂ ਇਲਾਵਾ, ਮਿੱਤਲ ਪਰਿਵਾਰ ਦੇ ਨਜ਼ਦੀਕੀ ਪਰਿਵਾਰਕ ਮੈਂਬਰ ਅਤੇ ਦੋਸਤਾਂ ਨੇ ਇਸ ਊਰਜਾਵਾਨ ਜਸ਼ਨ ਦੀ ਸ਼ੋਭਾ ਵਧਾਈ। ਆਰਆਰਐਮ ਆਰਆਰਐਮ ਫਿਜ਼ੀਓਥੈਰੇਪੀ ਸੈਂਟਰ ਅਤੇ ਆਰਆਰਐਮ ਔਟਿਜ਼ਮ ਸੈਂਟਰ ਦੇ ਸਟਾਫ ਨੇ ਵੀ ਸ਼੍ਰੀਮਤੀ ਮਿੱਤਲ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਅੰਮ੍ਰਿਤਸਰ ਦੇ ਮਸ਼ਹੂਰ ਸੰਗੀਤ ਅਤੇ ਗਾਇਕੀ ਸਮੂਹ ਅਨੁਜ-ਮੀਨੂ ਬੈਂਡ ਨੇ ਪੁਰਾਣੇ ਬਾਲੀਵੁੱਡ ਗੀਤ ਗਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਗਾਇਕੀ ਦੌਰਾਨ ਕੇਕ ਕੱਟਣ ਦੀ ਰਸਮ ਵੀ ਕੀਤੀ ਗਈ। ਸ਼੍ਰੀਮਤੀ ਮਿੱਤਲ ਨੇ ਸ਼ੁਭਕਾਮਨਾਵਾਂ ਨਾਲ ਭਰੇ ਇਸ ਆਨੰਦਦਾਇਕ ਦਿਨ ਲਈ ਦਿਲੋਂ ਸਾਰਿਆਂ ਦਾ ਧੰਨਵਾਦ ਕੀਤਾ। ਅੰਤ ਵਿੱਚ, ਮੌਜੂਦ ਸਾਰੇ ਲੋਕਾਂ ਨੂੰ ਸੁਆਦੀ ਪਕਵਾਨਾਂ ਦੇ ਪੈਕੇਟ ਵੀ ਭੇਟ ਕੀਤੇ ਗਏ, ਜਿਨ੍ਹਾਂ ਦਾ ਉਨ੍ਹਾਂ ਨੇ ਭਰਪੂਰ ਆਨੰਦ ਮਾਣਿਆ।

# ਨਾਬਾਰਡ ਤੇ ਕੇਵੀਕੇ ਵੱਲੋਂ ਪਿੰਡ ਪੇਦਨੀ ਕਲਾਂ ਵਿੱਚ ਸਾਂਝੇ ਤੌਰ 'ਤੇ ਪੌਦੇ ਲਾਉਣ ਸਬੰਧੀ ਸਮਾਗਮ ਦਾ ਆਯੋਜਨ

"Equality and justice"
Patiala 08 July
INTERNATIONAL PAPER, 94636 01616
hardipchumber57@gmail.com



ਪੇਦਨੀ ਕਲਾਂ/ਸੰਗਰੂਰ, 8 ਜੁਲਾਈ (ਜਗਸੀਰ ਸਿੰਘ) – ਵਾਤਾਵਰਣ ਨੂੰ ਬਚਾਈ ਰੱਖਣ ਅਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਨਾਬਾਰਡ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ (ਕੇਵੀਕੇ) ਖੇੜੀ ਵੱਲੋਂ ਵਣ ਮਹਾਂਉਤਸਵ ਦੇ ਮੌਕੇ 'ਤੇ ਪਿੰਡ ਪੇਦਨੀ ਕਲਾਂ ਵਿੱਚ ਸਾਂਝੇ ਤੌਰ ਉੱਤੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪਿੰਡ ਦੇ ਕਿਸਾਨਾਂ ਅਤੇ ਸਵੈ ਸਹਾਇਤਾ ਸਮੂਹਾਂ (SHGs) ਦੇ ਮੈਂਬਰਾਂ ਨੇ ਸਰਗਰਮ ਹਿੱਸਾ ਲਿਆ। ਪਿੰਡ ਵਿੱਚ ਨਿੰਮ ਅਤੇ ਲੱਕੜੀ ਵਾਲੀਆਂ ਕਿਸਮਾਂ ਦੇ ਬੂਟਿਆਂ ਦੀ ਵੰਡ ਕੀਤੀ ਗਈ ਅਤੇ ਬੂਟੇ ਲਗਾਏ ਗਏ।

ਡਾ. ਮਨਦੀਪ ਸਿੰਘ, ਇੰਚਾਰਜ, ਕੇਵੀਕੇ ਨੇ ਐਗਰੋਫੋਰੇਸਟਰੀ ਅਤੇ ਰੁੱਖ ਲਗਾਉਣ ਦੀ ਮਿੱਟੀ ਦੀ ਸਿਹਤ ਸੁਧਾਰਨ ਅਤੇ ਖੇਤੀ ਦੀ ਆਮਦਨ ਵਧਾਉਣ ਵਿੱਚ ਭੂਮਿਕਾ ਉਤੇ ਜ਼ੋਰ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ। ਕੇਵੀਕੇ ਦੇ ਮਾਹਿਰਾਂ ਨੇ ਰੁੱਖ ਲਗਾਉਣ ਦੀ ਮਿੱਟੀ ਦੀ ਕਟਾਅ ਰੋਕਣ, ਭੂਗਰਭੀ ਜਲ ਪੱਧਰ ਦੀ ਭਰਪਾਈ ਅਤੇ ਲੰਬੇ ਸਮੇਂ ਤੱਕ ਖੇਤੀ ਦੀ ਉਤਪਾਦਕਤਾ ਬਣਾਈ ਰੱਖਣ ਵਿੱਚ ਮਹੱਤਤਾ ਬਾਰੇ ਜਾਣਕਾਰੀ ਦਿੱਤੀ।

ਸ਼੍ਰੀ ਮਨੀਸ਼ ਗੁਪਤਾ, ਜ਼ਿਲ੍ਹਾ ਵਿਕਾਸ ਮੈਨੇਜਰ, ਨਾਬਾਰਡ ਨੇ ਨਾਬਾਰਡ ਵੱਲੋਂ ਮੌਸਮ ਤਬਦੀਲੀਆਂ ਅਨੁਕੂਲ ਪਹਿਲਕਦਮੀਆਂ ਅਤੇ ਭਾਈਚਾਰੇ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਨੂੰ ਉਜਾਗਰ ਕੀਤਾ। ਸ਼੍ਰੀ ਸੰਜੀਵ ਅਗਰਵਾਲ, ਲੀਡ ਜ਼ਿਲ੍ਹਾ ਮੈਨੇਜਰ, ਸੰਗਰੂਰ ਨੇ ਬੂਟਿਆਂ ਦੀ ਸੰਭਾਲ ਅਤੇ ਵਿਕਾਸ ਯਕੀਨੀ ਬਣਾਉਣ ਵਿੱਚ ਭਾਈਚਾਰੇ ਦੀ ਭੂਮਿਕਾ ਨੂੰ ਜ਼ਰੂਰੀ ਦੱਸਿਆ। ਪੇਦਨੀ ਕਲਾਂ ਦੇ ਸਰਪੰਚ ਨੇ ਇਸ ਪਹਿਲ ਦੀ ਸਰਾਹਣਾ ਕਰਦਿਆਂ ਪਿੰਡ ਵਾਸੀਆਂ ਨੂੰ ਭਵਿੱਖ ਦੀ ਭਲਾਈ ਲਈ ਇਸ ਤਰ੍ਹਾਂ ਦੇ ਵਾਤਾਵਰਣ-ਹਿਤੈਸ਼ੀ ਕੰਮਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਸਮਾਗਮ ਦੀ ਸਮਾਪਤੀ ਪਿੰਡ ਵਾਸੀਆਂ ਵੱਲੋਂ ਲਾਏ ਗਏ ਬੂਟਿਆਂ ਦੀ ਰੱਖਿਆ ਅਤੇ ਉਹਨਾਂ ਦੀ ਪਾਲਣਾ ਦੀ ਸੌਂਹ ਨਾਲ ਹੋਈ, ਤਾਂ ਜੋ ਭਵਿੱਖ ਨੂੰ ਹਰਾ-ਭਰਾ ਬਣਾਇਆ ਜਾ ਸਕੇ।

# 9 ਜੁਲਾਈ ਦੀ ਦੇਸ ਵਿਆਪੀ ਹੜਤਾਲ ਮੌਕੇ ਮਾਨਸਾ ਸ਼ਹਿਰ ਵਿਖੇ ਹੋਵੇਗਾ ਪ੍ਰਭਾਵਸਾਲੀ ਪ੍ਰਦਰਸ਼ਨ,: ਆਗੂ

## ਦੇਸ ਵਿਆਪੀ ਹੜਤਾਲ ਦੀਆਂ ਤਮਾਮ ਤਿਆਰੀਆ ਮੁਕੰਮਲ ,,,

"Equality and justice"
Patiala 08 July
INTERNATIONAL PAPER, 94636 01616
hardipchumber57@gmail.com



ਮਾਨਸਾ 08 ਜੁਲਾਈ (ਆਤਮਾ ਸਿੰਘ ਪਮਾਰ )

ਕੇਂਦਰ ਦੀ ਮੋਦੀ ਤੇ ਪੰਜਾਬ ਦੀ ਮਾਨ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਦੇਸ ਦੀਆਂ ਪ੍ਰਮੁੱਖ 10 ਟਰੇਡ ਯੂਨੀਅਨਾਂ , ਮੁਲਾਜ਼ਮ ਫੈਡਰੇਸ਼ਨਾਂ ਤੇ ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਵਿਆਪੀ ਸੱਦੇ ਤੇ 9 ਜੁਲਾਈ ਦੀ ਹੜਤਾਲ ਮੌਕੇ ਸਵੇਰੇ 10 ਵਜੇ ਮਾਲ ਗੁਦਾਮ ਮਾਨਸਾ ਵਿਖੇ ਸਾਂਝੇ ਤੌਰ 'ਤੇ ਪ੍ਰਭਾਵਸ਼ਾਲੀ ਰੋਸ ਪ੍ਰਦਰਸ਼ਨ ਤੋਂ ਇਲਾਵਾ ਸ਼ਹਿਰ ਦੇ ਬਜ਼ਾਰਾਂ 'ਚ ਰੋਸ ਮੁਜ਼ਾਹਰਾ ਵੀ ਕੀਤਾ ਜਾਵੇਗਾ। ਜਿਸ ਵਿੱਚ ਵੱਡੀ ਤਦਾਦ ਵਿੱਚ ਮਜ਼ਦੂਰ , ਮੁਲਾਜਮ ਤੇ ਕਿਸਾਨ ਸ਼ਮੂਲੀਅਤ ਕਰਨਗੇ। ਇਸ ਪ੍ਰੋਗਰਾਮ ਸਬੰਧੀ ਸਾਰੀਆ ਤਿਆਰੀਆ ਮੁਕੰਮਲ ਹੋ ਚੁੱਕੀਆਂ ਹਨ। ਇਹ ਜਾਣਕਾਰੀ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਤਿਆਰੀ ਕਮੇਟੀ ਦੀ ਮੀਟਿੰਗ ਉਪਰੰਤ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਕਾ. ਰਾਜਵਿੰਦਰ ਸਿੰਘ ਰਾਣਾ , ਕਾ.ਕ੍ਰਿਸ਼ਨ ਚੌਹਾਨ , ਐਡਵੋਕੇਟ ਕੁਲਵਿੰਦਰ ਸਿੰਘ ਉੱਡਤ , ਮਹਿੰਦਰ ਸਿੰਘ ਭੈਣੀਬਾਘਾ , ਡਾ. ਧੰਨਾ ਮੱਲ ਗੋਇਲ ਤੇ ਕਾ. ਮੇਜ਼ਰ ਸਿੰਘ ਦੂਲੋਵਾਲ ਨੇ ਕਿਹਾ ਕਿ 9 ਜੁਲਾਈ ਦੀ ਹੜਤਾਲ ਮਜ਼ਦੂਰ ਅੰਦੋਲਨ ਦੇ ਇਤਿਹਾਸ 'ਚ ਇੱਕ ਮੀਲ ਪੱਥਰ ਸਾਬਤ ਹੋਵੇਗੀ ਤੇ ਸਮੇ ਦੇ ਹਾਕਮਾਂ ਨੂੰ ਸੋਚਣ ਲਈ ਮਜਬੂਰ ਕਰ ਦੇਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਅਤੇ ਪੰਜਾਬ ਦੀ ਮਾਨ ਸਰਕਾਰ ਪੂਰੀ ਤਰ੍ਹਾਂ ਕਾਰਪੋਰੇਟ ਘਰਾਣਿਆਂ ਦੇ ਹੱਥਾ ਦੀਆਂ ਕਠਪੁਤਲੀਆਂ ਬਣ ਚੁੱਕੀਆਂ ਹਨ ਤੇ ਲਗਾਤਾਰ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰ ਰਹੀਆ ਹਨ ।, ਜਿਸ ਖ਼ਿਲਾਫ਼ ਦੇਸ ਦੇ ਮਿਹਨਤਕਸ ਲੋਕ ਲਗਾਤਾਰ ਸੰਘਰਸ ਕਰ ਰਹੇ ਹਨ ।

ਆਗੂਆਂ ਨੇ ਮਾਨਸਾ ਜਿਲ੍ਹੇ ਦੇ ਸਮੂਹ ਸੰਘਰਸ਼ਸ਼ੀਲ, ਅਗਾਂਹਵਧੂ ਤੇ ਜੁਝਾਰੂ ਲੋਕਾਂ ਅਪੀਲ ਕੀਤੀ ਕਿ ਆਪਣੀ ਜਿੰਮੇਵਾਰੀ ਸਮਝਦਿਆਂ ਸਮੇਂ ਸਿਰ ਪਹੁੰਚ ਕੇ ਪ੍ਰਦਰਸ਼ਨ ਦਾ ਹਿੱਸਾ ਬਣਨ।

# ਚਾਂਦਪੁਰਾ ਸਾਈਫਨ 'ਚ ਪਾਣੀ 2700 ਕਿਊਸਿਕ ਤੋਂ ਘਟ ਕੇ 700 ਕਿਊਸਿਕ ਹੋਇਆ,,,-ਡਿਪਟੀ ਕਮਿਸ਼ਨਰ..

## ਸਰਦੂਲਗੜ੍ਹ ਘੱਗਰ ਪੁਲ ਦੇ ਨਜ਼ਦੀਕ ਹੁਣ ਪਾਣੀ ਮਹਿਜ਼ 07 ਫੁੱਟ 'ਤੇ, ਹਾਲਾਤ ਖ਼ਤਰੇ ਤੋਂ ਬਾਹਰ, ਲੋਕਾਂ ਨੂੰ ਅਫ਼ਵਾਹਾਂ ਤੋਂ ਸੁਚੇਤ ਰਹਿਣ ਸਲਾਹ,,,

"Equality and justice"
Patiala 08 July
INTERNATIONAL PAPER, 94636 01616
hardipchumber57@gmail.com



ਮਾਨਸਾ, 08 ਜੁਲਾਈ: (ਆਤਮਾ ਸਿੰਘ ਪਮਾਰ)

ਬਰਸਾਤ ਦੇ ਮੌਸਮ ਦੌਰਾਨ ਚਾਂਦਪੁਰਾ ਸਾਈਫਨ 'ਚ ਪਿਛਲੇ ਦਿਨਾਂ ਦੌਰਾਨ ਪਾਣੀ 2700 ਕਿਊਸਿਕ ਵਗ ਰਿਹਾ ਸੀ ਜਦਕਿ ਸਾਈਫਨ ਦੀ ਸਮਰੱਥਾ 22000 ਕਿਊਸਿਕ ਪਾਣੀ ਦੀ ਹੈ। ਇਸ ਵੇਲੇ ਸਾਈਫਨ 'ਚ ਪਾਣੀ ਦੀ ਮਾਤਰਾ ਸਿਰਫ 700 ਕਿਊਸਿਕ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ, ਆਈ.ਏ.ਐਸ ਨੇ ਦਿੰਦਿਆਂ ਦੱਸਿਆ ਕਿ ਜਲ ਨਿਕਾਸ ਵਿਭਾਗ ਦੇ ਅਧਿਕਾਰੀਆਂ ਦੀ ਰਿਪੋਰਟ ਅਨੁਸਾਰ ਘੱਗਰ ਦਰਿਆ ਵਿੱਚ ਚਾਂਦਪੁਰਾ ਸਾਈਫਨ ਨੇੜੇ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਕਾਫੀ ਘਟ ਚੁੱਕਾ ਹੈ। ਚਾਂਦਪੁਰਾ ਸਾਈਫਨ 'ਤੇ ਇਸ ਵੇਲੇ ਪਾਣੀ ਦਾ ਪੱਧਰ ਮਹਿਜ਼ ਅੱਧਾ ਫੁੱਟ ਹੈ ਜਦਕਿ ਖਤਰੇ ਦਾ ਨਿਸ਼ਾਨ 14 ਫੁੱਟ 'ਤੇ ਹੈ। ਇਸੇ ਤਰ੍ਹਾਂ ਸਰਦੂਲਗੜ੍ਹ ਪੁਲ ਦੇ ਨਜ਼ਦੀਕ ਪਾਣੀ ਦਾ ਪੱਧਰ ਇਸ ਵੇਲੇ 7 ਫੁੱਟ ਹੈ ਤੇ ਖਤਰੇ ਦਾ ਨਿਸ਼ਾਨ 23 ਫੁੱਟ 'ਤੇ ਹੈ ।

ਉਨ੍ਹਾਂ ਦੱਸਿਆ ਕਿ ਪਾਤੜਾਂ ਦੇ ਨੇੜੇ ਖਨੌਰੀ ਬੰਨ੍ਹ ਦੇ ਅਧਿਕਾਰੀਆਂ ਅਨੁਸਾਰ ਉੱਥੇ ਵੀ ਪਾਣੀ ਦਾ ਪੱਧਰ 739.3 ਕਿਊਸਿਕ ਤੋਂ ਘਟ ਕੇ 550 ਕਿਊਸਿਕ ਹੋ ਗਿਆ ਹੈ। 08 ਜੁਲਾਈ ਨੂੰ ਭਾਖੜਾ ਡੈਮ ਤੋਂ ਪਾਣੀ ਸਬੰਧੀ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਿਕ 1680 ਫੁੱਟ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਵਾਲੇ ਭਾਖੜਾ ਡੈਮ ਦੇ ਰਿਜ਼ਰਵਾਇਰ ਵਿੱਚ ਇਸ ਵੇਲੇ 1584 ਫੁੱਟ ਪਾਣੀ ਹੈ ।

ਹੋਰ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਾਣੀ ਦੀ ਮਾਰ ਸਬੰਧੀ ਸਥਿਤੀ ਖ਼ਤਰੇ ਤੋਂ ਬਾਹਰ ਹੈ, ਲੋਕਾਂ ਅਫ਼ਵਾਹਾਂ ਤੋਂ ਸੁਚੇਤ ਰਹਿਣ। ਉਨ੍ਹਾਂ ਦੱਸਿਆ ਕਿ ਡ੍ਰੇਨੇਜ਼ ਵਿਭਾਗ ਦੇ ਸਾਰੇ ਅਧਿਕਾਰੀ ਉਨ੍ਹਾਂ ਨਾਲ ਲਗਾਤਾਰ ਰਾਬਤੇ ਵਿੱਚ ਹਨ ਅਤੇ ਪਾਣੀ ਦੇ ਵਧਣ ਸਬੰਧੀ ਕੋਈ ਵੀ ਸੂਚਨਾ ਉਨ੍ਹਾਂ ਦੇ ਤੁਰੰਤ ਧਿਆਨ ਹਿੱਤ ਲਿਆਂਦੀ ਜਾਵੇਗੀ ਅਤੇ ਸਾਰਾ ਪ੍ਰਸ਼ਾਸਨ ਫੌਰੀ ਕਾਰਵਾਈ ਲਈ ਤਿਆਰ ਬਰ ਤਿਆਰ ਹੈ ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਵਿਭਾਗ ਦੇ ਸਾਰੇ ਅਧਿਕਾਰੀਆਂ ਪੂਰੀ ਤਰ੍ਹਾਂ ਤਿਆਰ ਹਨ। ਉਹ ਐਕਸੀਅਨ ਡ੍ਰੇਨੇਜ਼ ਤੋਂ ਇਲਾਵਾ ਵਿਭਾਗ ਦੇ ਹੋਰ ਉੱਚ ਪੱਧਰ ਦੇ ਅਧਿਕਾਰੀਆਂ ਨਾਲ ਵੀ ਲਗਾਤਾਰ ਸੰਪਰਕ ਵਿੱਚ ਹਨ

# ਵਾਤਾਵਰਣ ਸੁਰੱਖਿਆ ਲਈ ਬੂਟੇ ਲਗਾਉਣਾ ਸਮੇਂ ਦੀ ਲੋੜ - ਰਾਏ

"Equality and justice"
Patiala 08 July
INTERNATIONAL PAPER, 94636 01616
hardipchumber57@gmail.com



ਫਗਵਾੜਾ 8 ਜੁਲਾਈ (ਸ਼ਿਵ ਕੌੜਾ) ਉਸਾਰੂ ਸਾਹਿਤ ਅਤੇ ਸਾਫ-ਸੁਥਰੇ ਸਮਾਜ ਲਈ ਕਾਰਜਸ਼ੀਲ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਵਲੋਂ ਪ੍ਰਧਾਨ ਰਵਿੰਦਰ ਸਿੰਘ ਰਾਏ ਅਤੇ ਉੱਪ ਚੇਅਰਮੈਨ ਤਰਸੇਮ ਸਿੰਘ ਗੌਂਸਪੁਰ ਦੀ ਸਾਂਝੀ ਅਗਵਾਈ ਹੇਠ ਇਤਿਹਾਸਕ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਫੁੱਲਦਾਰ ਤੇ ਛਾਂਦਾਰ ਬੂਟੇ ਲਗਾ ਕੇ ਬਰਸਾਤੀ ਮੌਸਮ 'ਚ ਬੂਟੇ ਲਗਾਉਣ ਦੀ ਮੁਹਿਮ ਦਾ ਸ਼ਾਨਦਾਰ ਆਗਾਜ਼ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਕੇਂਦਰ ਦੇ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਦੀ ਧਰਤੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਹੈ। ਇਸ ਲਈ ਗੁਰੂ ਸਾਹਿਬ ਦੇ ਆਮਦ ਪੁਰਬ ਮੌਕੇ ਹਰ ਸਾਲ ਦੀ ਤਰ੍ਹਾਂ ਬੂਟੇ ਲਗਾਉਣ ਦੀ ਮੁਹਿਮ ਦੀ ਸ਼ੁਰੂਆਤ ਕੀਤੀ ਗਈ ਹੈ। ਰਵਿੰਦਰ ਸਿੰਘ ਰਾਏ ਦੇ ਨਾਲ ਕੇਂਦਰ ਦੇ ਚੇਅਰਮੈਨ ਜਤਿੰਦਰ ਸਿੰਘ ਖਾਲਸਾ ਨੇ ਵੀ ਕਿਹਾ ਕਿ ਵੱਡੀ ਪੱਧਰ ਤੇ ਹੋ ਰਹੇ ਸ਼ਹਿਰੀਕਰਣ, ਉਦਯੋਗਾਂ ਦੇ ਵੱਧਣ ਕਾਰਨ ਦਰਖ਼ਤਾਂ ਦੀ ਬੇਸ਼ੁਮਾਰ ਕਟਾਈ ਕੀਤੀ ਜਾ ਰਹੀ ਹੈ। ਜਿਸ ਨਾਲ ਵਾਤਾਵਰਣ ਖਤਰੇ 'ਚ ਆ ਗਿਆ ਹੈ। ਵਾਤਾਵਰਣ ਦੀ ਸੁਰੱਖਿਆ ਲਈ ਵੱਧ ਤੋਂ ਵੱਧ ਬੂਟੇ ਲਗਾਉਣਾ ਸਮੇਂ ਦੀ ਲੋੜ ਹੈ। ਉਹਨਾਂ ਦੀ ਸੰਸਥਾ ਵਲੋਂ ਬਰਸਾਤ ਦੇ ਮੌਸਮ ਦੀ ਆਮਦ ਨੂੰ ਦੇਖਦੇ ਹੋਏ ਹਰ ਸਾਲ ਦੀ ਤਰ੍ਹਾਂ ਬੂਟੇ ਲਗਾਉਣ ਦੀ ਮੁਹਿਮ ਦੀ ਅਰੰਭਤਾ ਹੋ ਗਈ ਹੈ ਅਤੇ ਆਉਣ ਵਾਲੇ ਦਿਨਾਂ 'ਚ ਸ਼ਹਿਰ ਦੀਆਂ ਵੱਖ-ਵੱਖ ਜਨਤਕ ਥਾਵਾਂ ਤੋਂ ਇਲਾਵਾ ਪਿੰਡਾਂ 'ਚ ਵੀ ਬੂਟੇ ਲਗਾਏ ਜਾਣਗੇ। ਗੁਰਦੁਆਰਾ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ, ਸੀਨੀਅਰ ਅਕਾਲੀ ਆਗੂ ਬਹਾਦਰ ਸਿੰਘ ਸੰਗਤਪੁਰ ਨੇ ਸੰਸਥਾ ਵਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਕੇਂਦਰ ਦੇ ਡਾਇਰੈਕਟਰ ਡਾ. ਐਸ.ਪੀ. ਮਾਨ ਨੇ ਸਮੂਹ ਪਤਵੰਤਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਡਾ. ਸਾਗਰ ਸਿੰਘ, ਲਵਪ੍ਰੀਤ ਸਿੰਘ ਰਾਏ, ਪ੍ਰਿੰਸੀਪਲ ਗੁਰਨਾਮ ਸਿੰਘ, ਤਰਸੇਮ ਸਿੰਘ ਗੌਂਸਪੁਰ, ਖੁਸ਼ਪ੍ਰੀਤ ਕੌਰ ਰਾਏ, ਕਰਮਵੀਰ ਪਾਲ ਹੈਪੀ, ਜਗਨਨਾਥ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

# ਪ੍ਰਕਾਸ-ਪੁਰਬ ਨੂੰ ਸਮਰਪਿਤ ਤਿੰਨ ਰੋਜ਼ਾ ਸਮਾਗਮ ਕਰਵਾਏ

"Equality and justice"
Patiala 08 July
INTERNATIONAL PAPER, 94636 01616
hardipchumber57@gmail.com



ਸੰਗਰੂਰ,8 ਜੁਲਾਈ (ਜਗਸੀਰ ਲੌਂਗੋਵਾਲ)-

ਸਥਾਨਕ ਗੁਰਦੁਆਰਾ ਸਾਹਿਬ ਹਰਗੋਬਿੰਦ ਪੁਰਾ ਵਿਖੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਿੰਨ ਰੋਜ਼ਾ ਸਮਾਗਮ ਕਰਵਾਏ ਗਏ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਤਾਰ ਸਿੰਘ, ਹਰਪ੍ਰੀਤ ਸਿੰਘ ਪ੍ਰੀਤ, ਕੁਲਬੀਰ ਸਿੰਘ, ਹਮੀਰ ਸਿੰਘ, ਓਮ ਪ੍ਰਕਾਸ਼ ਦੀ ਦੇਖ ਰੇਖ ਹੇਠ ਸੰਗਤਾਂ ਦੇ ਸਹਿਯੋਗ ਨਾਲ

ਭਾਈ ਸਤਵਿੰਦਰ ਸਿੰਘ ਭੇਲਾ ਹੈੱਡ ਗ੍ਰੰਥੀ ਦੀ ਨਿਗਰਾਨੀ ਹੇਠ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਜਦੋਂ ਕਿ ਇਸਤਰੀ ਸਤਿਸੰਗ ਸਭਾ ਵੱਲੋਂ ਵੀ ਸ੍ਰੀ ਸਹਿਜ ਪਾਠਾਂ ਦੇ ਭੋਗ ਪਾਏ। ਦਿਨ ਰਾਤ ਦੇ ਦੀਵਾਨਾਂ ਵਿੱਚ ਭਾਈ ਗੁਰਧਿਆਨ ਸਿੰਘ ਹਜ਼ੂਰੀ ਰਾਗੀ ਅਤੇ ਭਾਈ ਸੁਰਿੰਦਰ ਪਾਲ ਸਿੰਘ ਸਿਦਕੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੀਰਤਨੀ ਜਥਿਆਂ ਨੇ ਆਰੰਭਤਾ ਕੀਤੀ। ਉਪਰੰਤ ਦੂਸਰੀ ਰਾਤ ਭਾਈ ਸੁਰਿੰਦਰ ਸਿੰਘ ਗੁਰਦੁਆਰਾ ਪ੍ਰਮੇਸ਼ਰ ਦੁਆਰ ਪਟਿਆਲਾ ਦੇ ਜਥੇ ਨੇ ਰੂਹਾਨੀ ਦੀਵਾਨ ਸਜਾਏ ਅਤੇ ਸੁਥਰੇ ਸ਼ਾਹ ਅਤੇ ਪੈਂਦੇ ਖਾਨ ਦੇ ਪ੍ਰਸੰਗ ਵਿੱਚ ਗੁਰੂ ਸਾਹਿਬ ਦੇ ਵੱਡ ਯੋਧਾ ਬਹੁ ਪਰਉਪਕਾਰੀ ਦੀ ਸ਼ਖ਼ਸੀਅਤ ਤੇ ਵਿਚਾਰ ਕੀਤੇ। ਜਦੋਂ ਕਿ ਤੀਸਰੀ ਰਾਤ ਨੂੰ ਸੱਚਖੰਡ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਗੁਰਬਚਨ ਸਿੰਘ ਦੇ ਜਥੇ ਨੇ ਰਸਭਿੰਨੇ ਕੀਰਤਨ ਰਾਹੀਂ ਗੁਰਬਾਣੀ ਸ਼ਬਦਾਂ ਦੀ ਛਹਿਬਰ ਲਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ ਵਲੋਂ ਵੀ ਬਲਵੰਤ ਕੌਰ, ਸੰਤੋਸ਼ ਕੌਰ, ਜਤਿੰਦਰ ਕੌਰ, ਇੰਦਰਪਾਲ ਕੌਰ, ਪਰਮਜੀਤ ਕੌਰ ਟੁਰਨਾ , ਸਤਿੰਦਰ ਕੌਰ, ਚੰਚਲ ਰਾਣੀ , ਕੁਲਵਿੰਦਰ ਕੌਰ ਢੀਂਗਰਾ ਆਦਿ ਨੇ ਕੀਰਤਨ ਦੀ ਹਾਜ਼ਰੀ ਭਰੀ ਗਈ। ਪ੍ਰਸਿੱਧ ਪੰਥਕ ਢਾਡੀ ਜੱਥਾ ਭਾਈ ਜਗਸੀਰ ਸਿੰਘ ਧੌਲਾ ਵਾਲੀਆਂ ਬੀਬੀਆਂ ਵੱਲੋਂ ਬੀਰ ਰਸੀ ਵਾਰਾਂ ਦਾ ਗਾਇਨ ਕਰਦਿਆਂ ਰਾਹੀਂ ਨੌਜਵਾਨਾਂ ਵਿੱਚ ਜੋਸ਼ ਭਰ ਦਿੱਤਾ। ਸਾਰੇ ਸਮਾਗਮਾਂ ਦੇ ਸਟੇਜ ਸਕੱਤਰ ਦੀ ਸੇਵਾ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਬਾਖੂਬੀ ਨਿਭਾਈ। ਜਥਿਆਂ ਨੂੰ ਜਗਤਾਰ ਸਿੰਘ, ਹਰਪ੍ਰੀਤ ਸਿੰਘ , ਕੁਲਵੀਰ ਸਿੰਘ ਪ੍ਰਬੰਧਕ ਕਮੇਟੀ ਦੇ ਨਾਲ ਜਸਵਿੰਦਰ ਸਿੰਘ ਪ੍ਰਿੰਸ ਮੁਖੀ ਤਾਲਮੇਲ ਕਮੇਟੀ, ਭਾਈ ਰਾਜਿੰਦਰ ਸਿੰਘ ਮੈਨੇਜਰ ਗੁਰਦੁਆਰਾ ਨਾਨਕਿਆਣਾ ਸਾਹਿਬ, ਭਾਈ ਗੁਰਧਿਆਨ ਸਿੰਘ, ਭਾਈ ਸਤਵਿੰਦਰ ਸਿੰਘ ਭੇਲਾ, ਸੁਖਵਿੰਦਰ ਸਿੰਘ ਸ਼ਹਿਰੀ ਪ੍ਧਾਨ ਸ਼੍ਰੋ ਅਕਾਲੀ ਦਲ ਅੰਮ੍ਰਿਤਸਰ, ਸੁਖਪਾਲ ਸਿੰਘ ਗਰੇਵਾਲ, ਬੀਬੀ ਬਲਵੰਤ ਕੌਰ , ਸੰਤੋਸ਼ ਕੌਰ ਆਦਿ ਨੇ ਸਨਮਾਨਿਤ ਕੀਤਾ। ਸਮਾਗਮਾਂ ਲਈ ਸੀ੍ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਭਾਈ ਘਨੁਈਆ ਜੀ ਸੇਵਾ ਦੱਲ, ਸ਼ਹੀਦ ਬਾਬਾ ਦੀਪ ਸਿੰਘ ਜੀ ਸੇਵਾ ਸੁਸਾਇਟੀ, ਬਾਬਾ ਸਾਹਿਬ ਦਾਸ ਸੇਵਾ ਦੱਲ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਗੁਰਮਤਿ ਪ੍ਰਚਾਰਕ ਰਾਗੀ ਗ੍ਰੰਥੀ ਸਭਾ, ਰਾਜ ਕੁਮਾਰ ਰਾਜੂ ਪਰਿਵਾਰ, ਭਰਪੂਰ ਸਿੰਘ ਗੋਲਡੀ, ਗੁਰਪ੍ਰੀਤ ਸਿੰਘ ਗੋਪੀ, ਗੁਰਜੀਤ ਸਿੰਘ, ਮਨਿੰਦਰ ਪਾਲ ਸਿੰਘ, ਹਰਜੀਤ ਸਿੰਘ ਹੈਪੀ, ਮਨਜੀਤ ਸਿੰਘ ਕਿੰਗ, ਚਰਨਜੀਤ ਸਿੰਘ, ਸੁਖਦੇਵ ਸਿੰਘ, ਰਾਜਵਿੰਦਰ ਸਿੰਘ ਲੱਕੀ, ਹਰਭਜਨ ਸਿੰਘ ਭੱਟੀ, ਗੁਰਸਿਮਰਨ ਸਿੰਘ ਗੁਜਰਾਲ, ਜਸਵੀਰ ਸਿੰਘ ਪਿੰਕਾ, ਹਰਿੰਦਰ ਵੀਰ ਸਿੰਘ, ਅਮਰਿੰਦਰ ਸਿੰਘ ਮੌਖਾ, ਗੁਲਜ਼ਾਰ ਸਿੰਘ, ਬਲਵੰਤ ਸਿੰਘ ਭਿੱਖੀ, ਪਰਵਿੰਦਰ ਸਿੰਘ ਪੱਪੂ, ਹਰੀਸ਼ ਅਰੋੜਾ ਤੋਂ ਇਲਾਵਾ ਵਰਿੰਦਰ ਕੌਰ, ਮਨਪ੍ਰੀਤ ਕੌਰ, ਕਮਲਪ੍ਰੀਤ ਕੌਰ, ਸਿਮਰਨ ਕੌਰ, ਬਲਜੀਤ ਕੌਰ, ਮਨਜੀਤ ਕੌਰ, ਰਜਵਿੰਦਰ ਕੌਰ, ਪਰਮਜੀਤ ਕੌਰ ਗਿੱਲ, ਰਾਜ ਕੌਰ, ਬਲਵਿੰਦਰ ਕੌਰ, ਗੀਤਾ ਰਾਣੀ ਆਦਿ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ। ਇਸ ਮੌਕੇ ਤੇ ਠੰਡੇ ਮਿੱਠੇ ਜਲ, ਸੁਕੈਸ਼, ਜਲ ਜ਼ੀਰਾ ਦੀਆਂ ਛਬੀਲਾਂ, ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਰਾਤ ਨੂੰ ਹਰ ਸਾਲ ਦੀ ਤਰ੍ਹਾਂ ਸੰਗਤਾਂ ਵੱਲੋਂ ਘਰਾਂ ਵਿੱਚੋਂ ਤਿਆਰ ਕਰਕੇ ਲਿਆਂਦੇ ਮਿੱਸੇ ਪ੍ਰਸ਼ਾਦੇ, ਦਹੀਂ, ਆਚਾਰ ਆਦਿ ਦੇ ਲੰਗਰ ਵਰਤਾਏ ਗਏ। ਗੁਰਦੁਆਰਾ ਸਾਹਿਬ ਦੀ ਸੁੰਦਰ ਦਿੱਖ ਵਾਲੇ ਦਰਬਾਰ ਹਾਲ ਵਿੱਚ ਹੋਏ ਸਮਾਗਮਾਂ ਸ਼ਹਿਰ ਦੀਆਂ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਭਾਈ ਗੁਰਪ੍ਰੀਤ ਸਿੰਘ ਰਾਮਪੁਰਾ, ਭਾਈ ਕੁਲਵੰਤ ਸਿੰਘ ਬੁਰਜ, ਭਾਈ ਬਲਜੀਤ ਸਿੰਘ, ਭਾਈ ਦਵਿੰਦਰ ਸਿੰਘ ਦੁਆਬੀਆ, ਬਲਜਿੰਦਰ ਸਿੰਘ, ਜਸਵਿੰਦਰ ਸਿੰਘ ਸਾਹਨੀ ਐਡਵੋਕੇਟ, ਗੁਰਪ੍ਰੀਤ ਸਿੰਘ ਰੋਬਿਨ, ਗੁਰਿੰਦਰ ਸਿੰਘ ਗੁਜਰਾਲ, ਦਲਵੀਰ ਸਿੰਘ ਬਾਬਾ, ਚਰਨਜੀਤ ਪਾਲ ਸਿੰਘ, ਹਰਦੀਪ ਸਿੰਘ ਸਾਹਨੀ, ਗੁਰਮੀਤ ਸਿੰਘ ਸੋਨੂੰ, ਜਤਿੰਦਰ ਪਾਲ ਸਿੰਘ ਰੇਖੀ, ਗੁਰਮੀਤ ਸਿੰਘ ਨਾਗੀ, ਬਲਵਿੰਦਰ ਸਿੰਘ, ਮਨਪੀ੍ਤ ਸਿੰਘ ਸੇਠੀ, ਗੁਰਿੰਦਰ ਵੀਰ ਸਿੰਘ, ਭੁਪਿੰਦਰ ਸਿੰਘ ਗਰੇਵਾਲ, ਜਤਿੰਦਰ ਸਿੰਘ, ਜਰਨੈਲ ਸਿੰਘ, ਸਤਪਾਲ ਸਿੰਘ, ਈਮਾਨ ਪੀ੍ਤ ਸਿੰਘ, , ਕਰਮ ਸਿੰਘ, ਰਾਜਿੰਦਰ ਸਿੰਘ, ਰਸਵਿੰਦਰ ਸਿੰਘ, ਨਵਤੇਜ ਸਿੰਘ, ਬਲਵਿੰਦਰ ਸਿੰਘ ਰੂਬੀ, ਜਸਵੀਰ ਸਿੰਘ ਖਾਲਸਾ, ਕਰਤਾਰ ਸਿੰਘ, ਹਰਜੀਤ ਸਿੰਘ ਢੀਂਗਰਾ, ਸਰਬਜੀਤ ਸਿੰਘ ਰੇਖੀ, ਨਰਿੰਦਰ ਸਿੰਘ ਬੱਬੂ, ਸੁਭਾਸ਼ ਕੁਮਾਰ, ਅਤੇ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਸਵਰਨ ਕੌਰ, ਰੇਖਾ ਰਾਣੀ, ਗੁਰਲੀਨ ਕੌਰ, ਹਰਵਿੰਦਰ ਕੌਰ, ਅਮਨਦੀਪ ਕੌਰ, ਨਿਸ਼ਾ ਰਾਣੀ, ਜੋਗਿੰਦਰ ਕੌਰ, ਰਣਜੀਤ ਕੌਰ, ਬਲਵਿੰਦਰ ਕੌਰ, ਅਮਰਜੀਤ ਕੌਰ, ਕਿਰਪਾਲ ਕੌਰ, ਸ਼ਕੁੰਤਲਾ ਰਾਣੀ, ਬਲਜਿੰਦਰ ਕੌਰ ਸਾਹਨੀ , ਗੁਰਜੀਤ ਕੌਰ ਸਮੇਤ ਸ਼ਹਿਰੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਭਰਪੂਰ ਆਨੰਦ ਮਾਣਿਆ। ਹਰਪ੍ਰੀਤ ਸਿੰਘ ਪ੍ਰੀਤ ਨੇ ਦੱਸਿਆ ਕਿ ਸਮਾਗਮਾਂ ਦੀ ਚੜ੍ਹਦੀ ਕਲਾ ਵਿੱਚ ਹੋਈ ਸਮਾਪਤੀ ਨੂੰ ਮੁੱਖ ਰੱਖਦਿਆਂ ਪ੍ਬੰਧਕ ਕਮੇਟੀ ਵੱਲੋਂ 16 ਜੁਲਾਈ ਨੂੰ ਸ਼ੁਕਰਾਨਾ ਸਮਾਗਮ ਅਤੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਰਾਤਰੀ ਦਾ ਕੀਰਤਨ ਦਰਬਾਰ ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਕੀਤਾ ਜਾਵੇਗਾ।

# ਬਿਨ੍ਹਾਂ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਣ ਵਾਲਿਆ ਵਿਰੁੱਧ ਹੋਵੇਗੀ ਕਾਨੂੰਨੀ ਕਾਰਵਾਈ-ਮੁੱਖ ਖੇਤੀਬਾੜੀ ਅਫ਼ਸਰ

## ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਿਤ ਮੁੱਲ 'ਤੇ ਖੇਤੀ ਸਮੱਗਰੀ ਉਪਲੱਬਧ ਕਰਵਾਉਣ ਲਈ ਜ਼ਿਲ੍ਹਾ ਤੇ ਬਲਾਕ ਪੱਧਰੀ ਟੀਮਾਂ ਕਾਰਜਸ਼ੀਲ ,, ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਖਾਦ, ਕੀਟਨਾਸ਼ਕ ਅਤੇ ਬੀਜ ਦੀਆਂ ਦੁਕਾਨਾਂ ਦੀ ਚੈਕਿੰਗ

"Equality and justice"
Patiala 08 July
INTERNATIONAL PAPER, 94636 01616
hardipchumber57@gmail.com



ਮਾਨਸਾ, 08 ਜੁਲਾਈ: (ਆਤਮਾ ਸਿੰਘ ਪਮਾਰ)

ਬਿਨ੍ਹਾਂ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਣ ਵਾਲੇ ਦੁਕਾਨਦਾਰਾਂ ਵਿਰੁੱਧ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ | ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਪ੍ਰੀਤ ਪਾਲ ਕੌਰ ਨੇ ਖਾਦ, ਕੀਟਨਾਸ਼ਕ, ਬੀਜਾਂ ਦੀਆਂ ਦੁਕਾਨਾਂ ਅਤੇ ਸਹਿਕਾਰੀ ਸਭਾਵਾਂ ਦੀ ਪੜਤਾਲ ਦੌਰਾਨ ਕੀਤਾ |

ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਤ ਮੁੱਲ 'ਤੇ ਖੇਤੀ ਸਮੱਗਰੀ, ਖਾਸ ਕਰਕੇ ਖਾਦਾਂ ਉਪਲੱਬਧ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਤੇ ਬਲਾਕ ਪੱਧਰੀ ਟੀਮਾਂ ਵੱਲੋਂ ਖਾਦ ਵਿਕਰੇਤਾਵਾਂ ਨਾਲ ਸਬੰਧਤ ਦੁਕਾਨਾਂ ਅਤੇ ਗੁਦਾਮਾਂ ਦੀ ਚੈਕਿੰਗ ਤੋਂ ਇਲਾਵਾ ਕਾਗਜ਼ਾਤ ਦੀ ਵੀ ਦੇਖੇ ਜਾ ਰਹੇ ਹਨ।

ਉਨ੍ਹਾਂ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੀ.ਓ.ਐਸ. ਮਸ਼ੀਨਾ ਵਿਚ ਵੇਚੀ ਗਈ ਖਾਦ ਦਾ ਸਟਾਕ ਨਿੱਲ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੀ.ਓ.ਐਸ. ਮਸ਼ੀਨਾਂ ਅਤੇ ਦੁਕਾਨ 'ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ | ਉਨ੍ਹਾਂ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਅਤੇ ਇਸ ਵਿਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ | ਸਟਾਕ ਬੋਰਡ 'ਤੇ ਰੋਜ਼ਾਨਾ ਖਾਦ ਦਾ ਸਟਾਕ ਅਤੇ ਰੇਟ ਲਿਖਿਆ ਜਾਵੇ |

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਦੁਕਾਨਦਾਰ ਬਿੱਲ ਦੇਣ ਤੋਂ ਇਨਕਾਰ ਕਰਦਾ ਹੈ ਜਾਂ ਯੂਰੀਆ ਖਾਦ ਦੇ ਨਾਲ ਜ਼ਬਰੀ ਹੋਰ ਖੇਤੀ ਸਮੱਗਰੀ ਦਿੰਦਾ ਹੈ ਤਾਂ ਉਸ ਦੀ ਸ਼ਿਕਾਇਤ ਲਿਖ਼ਤੀ ਤੌਰ 'ਤੇ ਸਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫ਼ਸਰ ਨੂੰ ਵੀ ਕੀਤੀ ਜਾ ਸਕਦੀ ਹੈ |

ਇਸ ਮੌਕੇ ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੁਰਪ੍ਰੀਤ ਸਿੰਘ ਅਤੇ ਡਾ. ਸ਼ਗਨਦੀਪ ਕੌਰ ਵੀ ਮੌਜੂਦ ਸਨ |

# ਚਿੱਟੇ ਬਾਰੇ ਵੀਡੀਓ ਪਾਉਣ ਵਾਲੇ ਪੱਤਰਕਾਰ 'ਤੇ ਹਮਲਾ, ਹਸਪਤਾਲ 'ਚ ਜ਼ੇਰੇ-ਇਲਾਜ

## ਪੱਤਰਕਾਰ ਹੈਪੀ ਸ਼ਰਮਾ ਨੇ ਦੋ ਦਿਨ ਪਹਿਲਾਂ ਚਿੱਟੇ ਨਸ਼ੇ ਖਿਲਾਫ ਵਾਇਰਲ ਕੀਤੀ ਸੀ ਵੀਡੀਓ; 8-10 ਅਣਪਛਾਤੇ ਵਿਅਕਤੀਆਂ ਨੇ ਹਥਿਆਰਾਂ ਨਾਲ ਕੀਤਾ ਜਾਨਲੇਵਾ ਹਮਲਾ

"Equality and justice"
Patiala 08 July
INTERNATIONAL PAPER, 94636 01616
hardipchumber57@gmail.com

ਅੱਜ ਇਥੇ ਬਲਿਆਲ ਰੋਡ 'ਤੇ ਦੁਪਹਿਰ ਵੇਲੇ ਪੱਤਰਕਾਰ ਹਰਵਿੰਦਰ ਕੁਮਾਰ ਹੈਪੀ ਸ਼ਰਮਾ ਉਪਰ 8-10 ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਕੇ ਉਨ੍ਹਾਂ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ।

ਇੱਥੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਪੱਤਰਕਾਰ ਹੈਪੀ ਸ਼ਰਮਾ ਨੇ ਦੱਸਿਆ ਕਿ ਉਹ ਆਪਣੀ ਦੁਕਾਨ ਉਤੇ ਬੈਠਾ ਸੀ ਕਿ ਅਚਾਨਕ 8-10 ਅਣਪਛਾਤੇ ਵਿਅਕਤੀਆਂ ਨੇ ਉਸ ਉੱਤੇ ਬੇਸਬਾਲ ਦੇ ਬੱਲਿਆਂ ਤੇ ਹੋਰ ਹਥਿਆਰਾਂ ਨਾਲ ਜਾਨਲੇਵਾ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਉਸ ਦੀ ਬਾਂਹ ਤੋੜ ਦਿੱਤੀ ਅਤੇ ਸਿਰ ਪਾੜ ਦਿੱਤਾ ਗਿਆ।

ਹਮਲਾਵਰਾਂ ਨੇ ਕੁੱਟਮਾਰ ਦੌਰਾਨ ਹੈਪੀ ਸ਼ਰਮਾ ਨੂੰ ਨਸ਼ਿਆਂ ਖ਼ਾਸਕਰ ਚਿੱਟੇ ਖਿਲਾਫ ਨਾ ਬੋਲਣ ਦੀ ਤਾੜਨਾ ਕੀਤੀ। ਗ਼ੌਰਤਲਬ ਹੈ ਕਿ ਹੈਪੀ ਸ਼ਰਮਾ ਨੇ ਦੋ ਦਿਨ ਪਹਿਲਾਂ ਹੀ ਚਿੱਟੇ ਖਿਲਾਫ ਇਕ ਵੀਡੀਓ ਸ਼ੇਅਰ ਕੀਤੀ ਸੀ, ਜੋ ਕਾਫ਼ੀ ਵਾਇਰਲ ਹੋ ਰਹੀ ਸੀ।

ਇਸੇ ਦੌਰਾਨ ਘਟਨਾ ਦਾ ਪਤਾ ਲੱਗਦਿਆਂ ਹੀ ਸ਼ਹਿਰ ਦੇ ਸਾਰੇ ਪੱਤਰਕਾਰ, ਕਿਸਾਨ ਆਗੂ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਹਸਪਤਾਲ ਵਿੱਚ ਪਹੁੰਚ ਗਏ। ਸੰਯੁਕਤ ਪ੍ਰੈਸ ਕਲੱਬ ਭਵਾਨੀਗੜ੍ਹ ਦੇ ਪ੍ਰਧਾਨ ਰਣਧੀਰ ਸਿੰਘ ਫੱਗੂਵਾਲਾ, ਪ੍ਰੈੱਸ ਕਲੱਬ ਭਵਾਨੀਗੜ੍ਹ ਦੇ ਪ੍ਰਧਾਨ ਗੁਰਵਿੰਦਰ ਸਿੰਘ ਰੋਮੀ, ਸਰਪ੍ਰਸਤ ਮੇਜਰ ਸਿੰਘ ਮੱਟਰਾਂ, ਗੁਰਦਰਸ਼ਨ ਸਿੰਘ ਸਿੱਧੂ ਸਮੇਤ ਸਮੂਹ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਅਲਟੀਮੇਟਮ ਦਿੱਤਾ ਕਿ ਜੇ ਹਮਲਾਵਰਾਂ ਖਿਲਾਫ ਸ਼ਾਮ ਤੱਕ ਕਾਰਵਾਈ ਨਾ ਕੀਤੀ ਗਈ ਤਾਂ ਉਹ ਤਿੱਖਾ ਸੰਘਰਸ਼ ਕਰਨਗੇ।

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਗੁਰਚੇਤ ਸਿੰਘ ਭੱਟੀਵਾਲ, ਲਾਡੀ ਬਖੋਪੀਰ ਅਤੇ ਬ੍ਰਾਹਮਣ ਸਭਾ ਦੇ ਆਗੂ ਡਾ. ਰਿੰਪੀ ਨੇ ਕਿਹਾ ਕਿ ਜੇ ਇੱਥੇ ਪੱਤਰਕਾਰ ਹੀ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦਾ ਕੀ ਹਾਲ ਹੋਵੇਗਾ। ਇਸੇ ਦੌਰਾਨ ਡਾ ਵਿਕਰਮ ਪਾਲ ਸਿੰਘ ਨੇ ਦੱਸਿਆ ਕਿ ਗੰਭੀਰ ਸੱਟਾਂ ਕਾਰਣ ਹੈਪੀ ਸ਼ਰਮਾ ਨੂੰ



ਸੰਗਰੂਰ ਰੈਫਰ ਕਰ ਦਿੱਤਾ ਗਿਆ ਹੈ।

ਇਸ ਦੌਰਾਨ ਥਾਣਾ ਮੁਖੀ ਇੰਸਪੈਕਟਰ ਮਾਲਵਿੰਦਰ ਸਿੰਘ ਨੇ ਆਪਣੀ ਟੀਮ ਨਾਲ ਘਟਨਾ ਸਥਾਨ ਦਾ ਜਾਇਜ਼ਾ ਲਿਆ। ਇਸ ਤੋਂ ਬਾਅਦ ਉਨ੍ਹਾਂ ਭਰੋਸਾ ਦਿੱਤਾ ਕਿ ਹਮਲਾਵਰਾਂ ਨੂੰ ਜਲਦੀ ਹੀ ਕਾਬੂ ਕਰ ਕੇ ਸਲਾਖਾਂ ਪਿੱਛੇ ਸੁੱਟਿਆ ਜਾਵੇਗਾ।

# ਬੂਥ ਲੈਵਲ ਅਫਸਰਾਂ ਲਈ ਨੈਸ਼ਨਲ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ

"Equality and justice"
Patiala 08 July
INTERNATIONAL PAPER, 94636 01616
hardipchumber57@gmail.com




ਫਿ ਲੌ ਰ / ਅੱ ਪ ਰਾ ( ਦੀ ਪਾ ) - ਮਾ ਨ ਯੋ ਗ ਐਸਡੀਐਮ ਫਿਲੌਰ ਕਮ ਚੋਣ ਰਜਿਸਟਰੇਸ਼ਨ ਅਫਸਰ ਪਰਲੀਨ ਕੌਰ ਬਰਾੜ (ਈ. ਆਰ ਓ ), ਮਨਦੀਪ ਸਿੰਘ ਤਹਿਸੀਲਦਾਰ (ਏ. ਈ. ਆਰ. ਓ -1) ਰਾਜਿੰਦਰ ਕੌਰ 24PO(15RO2) ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੈਕਟਰ ਅਫਸਰ ਕਮ ਸਕੂਲ ਮੁਖੀ ਜਸਪਾਲ ਸੰਧੂ ਦੀ ਅਗਵਾਈ ਵਿੱਚ ਸੈਕਟਰ ਨੰ 9,10,11,20 ਦੇ ਸਮੂਹ ਬੂਥ ਲੈਵਲ ਅਫਸਰਾਂ ਨੂੰ ਚੋਣਾਂ ਦੇ ਕੰਮ ਸਬੰਧੀ ਵਿਸਥਾਰ ਪੂਰਵਕ ਟ੍ਰੇਨਿੰਗ ਮਾਸਟਰ ਟ੍ਰੇਨੀ ਸ ਸ੍ਰੀ ਮੋਹਣ ਲਾਲ ਅਤੇ ਦੀਪਕ ਸਲਣ ਦੁਆਰਾ ਦਿੱਤੀ ਗਈ! ਅੱਜ ਦੀ ਟ੍ਰੇਨਿੰਗ ਵਿੱਚ ਵੱਖ ਵੱਖ ਪਿੰਡਾਂ ਤੋਂ ਲਗਭਗ 50 ਤੋਂ ਵੱਧ ਬੂਥ ਲੈਵਲ ਅਫਸਰਾਂ ਨੇ ਭਾਗ ਲਿਆ ਜਿਸ ਵਿੱਚ ਉਹਨਾਂ ਨੇ ਨਵੀਆਂ ਵੋਟਾਂ ਬਣਾਉਣ, ਵੋਟਾਂ ਨੂੰ ਕੱਟਣ ਸਬੰਧੀ ਅਤੇ ਵੋਟਰਾਂ ਦੇ ਵੇਰਵੇਆਂ ਦੀ ਦਰੁਸਤੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਲਈ! ਇਸ ਤੋਂ ਇਲਾਵਾ ਬੂਥ ਲੈਵਲ ਅਫਸਰਾਂ ਦੀ ਜਾਣਕਾਰੀ ਦੀ ਪਰਖ ਸਬੰਧੀ ਇੱਕ ਪ੍ਰੀਖਿਆ ਦਾ ਆਯੋਜਨ ਵੀ ਕੀਤਾ ਗਿਆ! ਸਮੂਹ ਬੂਥ ਲੈਵਲ ਅਫਸਰਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ ਗਿਆ!ਸਕੂਲ ਮੁਖੀ ਜਸਪਾਲ ਸੰਧੂ ਨੇ ਚੋਣ ਕਮਿਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਆਸ ਕੀਤੀ ਹੈ ਕਿ ਭਵਿੱਖ ਵਿੱਚ ਇਹੋ ਜਿਹੇ ਪ੍ਰੋਗਰਾਮ ਬਹੁਤ ਲਾਹੇਵੰਦ ਸਿੱਧ ਹੋਣਗੇ! ਅੱਜ ਦੀ ਟ੍ਰੇਨਿੰਗ ਵਿੱਚ ਮੁੱਖ ਤੌਰ ਤੇ ਸੈਕਟਰ ਅਫਸਰ ਬਲਦੇਵ ਸਿੰਘ ਜੌਹਲ ਸੈਕਟਰ ਅਫਸਰ ਨਵਜੋਤ ਸਿੰਘ, ਮਾਸਟਰ ਟ੍ਰੇਨਿੰਗ ਸ੍ਰੀ ਮੋਹਨ ਲਾਲ ਅਤੇ ਦੀਪਕ ਸਲਣ ਅਤੇ ਸਮੂਹ ਬੂਥ ਲੈਵਲ ਅਫਸਰ ਹਾਜ਼ਰ ਸਨ |

# ਜੇਕਰ ਪੁਲਿਸ ਤੁਹਾਨੂੰ ਪੁੱਛਗਿੱਛ ਲਈ ਬੁਲਾਵੇ ਤਾਂ ਤੁਹਾਡੇ ਕੋਲ ਕਾਨੂੰਨੀ ਤੌਰ 'ਤੇ ਕਿਹੜੇ ਅਧਿਕਾਰ ਹਨ?

## ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰੀ ਸਮੇਂ ਕੇਸ ਦੇ ਵੇਰਵਿਆਂ ਅਤੇ ਕਾਨੂੰਨ ਦੀਆਂ ਧਾਰਾਵਾਂ ਦਾ ਸਪੱਸ਼ਟ ਤੌਰ 'ਤੇ ਜ਼ਿਕਰ ਹੋਣਾ ਚਾਹੀਦਾ ਹੈ

"Equality and justice"
Patiala 08 July
INTERNATIONAL PAPER, 94636 01616
hardipchumber57@gmail.com

ਏ ਨੰਦਾਕੁਮਾਰ
ਰੇਲ,ਬੀਬੀਸੀ ਪੱਤਰਕਾਰ

ਤਾਮਿਲਨਾਡੂ ਦੇ ਤਿਰੁਪੁਵਨਮ ਮੰਦਰ ਦੇ ਗਾਰਡ ਅਜੀਤ ਕੁਮਾਰ ਦੀ ਪੁਲਿਸ ਪੁੱਛਗਿੱਛ ਦੌਰਾਨ ਹੋਈ ਮੌਤ ਨੇ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਇਸ ਘਟਨਾ ਨੇ ਪੁੱਛਗਿੱਛ ਦੌਰਾਨ ਪੁਲਿਸ ਪੁੱਛਗਿੱਛ ਦੇ ਤਰੀਕਿਆਂ ਅਤੇ ਜਨਤਕ ਸੁਰੱਖਿਆ ਬਾਰੇ ਬਹਿਸ ਛੇੜ ਦਿੱਤੀ ਹੈ।

ਭਾਰਤ ਵਿੱਚ ਹਾਲ ਹੀ ਵਿੱਚ ਲਾਗੂ ਭਾਰਤੀ ਨਿਆ ਸੰਹਿਤਾ ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀਐੱਨਐੱਸ ਅਤੇ ਬੀਐੱਨਐੱਸਐੱਸ) ਕਾਨੂੰਨ, ਪੁਲਿਸ ਪੁੱਛਗਿੱਛ ਅਤੇ ਗ੍ਰਿਫ਼ਤਾਰੀ ਦੌਰਾਨ ਆਮ ਲੋਕਾਂ ਨੂੰ ਕੁਝ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਦੇ ਹਨ।

ਜਦੋਂ ਕਿਸੇ ਨਾਗਰਿਕ ਨੂੰ ਪੁਲਿਸ ਵੱਲੋਂ ਪੁੱਛਗਿੱਛ ਲਈ ਬੁਲਾਇਆ ਜਾਂਦਾ ਹੈ ਜਾਂ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਕਿਹੜੀਆਂ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ? ਆਮ ਲੋਕਾਂ ਕੋਲ ਕਿਹੜੇ ਹੱਕ ਮੌਜੂਦ ਹਨ?

### ਜੇਕਰ ਪੁਲਿਸ ਤੁਹਾਨੂੰ ਪੁੱਛਗਿੱਛ ਲਈ ਬੁਲਾਵੇ ਤਾਂ ਤੁਸੀਂ ਕੀ ਕਰ ਸਕਦੇ ਹੋ?

- ਪਹਿਲਾਂ, ਮਾਮਲੇ ਦੀ ਪਹਿਲੀ ਜਾਣਕਾਰੀ ਰਿਪੋਰਟ (ਐੱਫ਼ਆਈਆਰ) ਦਰਜ ਕੀਤੀ ਜਾਣੀ ਚਾਹੀਦੀ ਹੈ।
- ਜੇਕਰ ਕੋਈ ਵਿਅਕਤੀ ਇਸ ਮਾਮਲੇ ਵਿੱਚ ਸ਼ੱਕੀ ਜਾਂ ਗਵਾਹ ਹੈ, ਤਾਂ ਪੁਲਿਸ ਉਸ ਵਿਅਕਤੀ ਨੂੰ ਪੁੱਛਗਿੱਛ ਲਈ ਬੁਲਾ ਸਕਦੀ ਹੈ।
- ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ ਦੀ ਧਾਰਾ 35(2) ਦੇ ਅਨੁਸਾਰ, ਜੇਕਰ ਪੁਲਿਸ ਕਿਸੇ ਵਿਅਕਤੀ ਨੂੰ ਪੁੱਛਗਿੱਛ ਲਈ ਤਲਬ ਕਰਨਾ ਚਾਹੁੰਦੀ ਹੈ, ਤਾਂ ਸਬੰਧਤ ਜਾਂਚ ਅਧਿਕਾਰੀ ਨੂੰ ਇੱਕ ਲਿਖਤੀ ਨੋਟਿਸ ਭੇਜਣਾ ਚਾਹੀਦਾ ਹੈ।
- ਇਸ ਵਿੱਚ ਕੇਸ ਦੇ ਵੇਰਵਿਆਂ ਅਤੇ ਕਾਨੂੰਨ ਦੀਆਂ ਧਾਰਾਵਾਂ ਦਾ ਸਪੱਸ਼ਟ ਤੌਰ 'ਤੇ ਜ਼ਿਕਰ ਹੋਣਾ ਚਾਹੀਦਾ ਹੈ।
- ਸਬੰਧਤ ਵਿਅਕਤੀ ਸੁਣਵਾਈ ਲਈ ਆਪਣੇ ਵਕੀਲ ਨਾਲ ਜਾਂ ਇਕੱਲਿਆਂ ਪੇਸ਼ ਹੋ ਸਕਦਾ ਹੈ।

ਵਕੀਲ ਪੁਗਾਜ਼ੇਂਡੀ ਕਹਿੰਦੇ ਹਨ, "ਕਾਨੂੰਨ ਦੇ ਮੁਤਾਬਕ ਕਿਸੇ ਵਿਅਕਤੀ ਨੂੰ ਸਪੱਸ਼ਟ ਕਾਰਨ ਤੋਂ ਬਿਨ੍ਹਾਂ ਪੁੱਛਗਿੱਛ ਲਈ ਨਹੀਂ ਬੁਲਾਇਆ ਜਾ ਸਕਦਾ।"

ਉਹ ਕਹਿੰਦੇ ਹਨ, "ਸੰਬੰਧਿਤ ਵਿਅਕਤੀ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਉਹ ਕਿਸ ਮਾਮਲੇ ਵਿੱਚ ਸ਼ੱਕੀ ਹੈ ਜਾਂ ਗਵਾਹ ਹੈ।"

ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 38 ਦੇ ਮੁਤਾਬਕ, ਸਬੰਧਤ ਵਿਅਕਤੀ ਨੂੰ ਮੁਕੱਦਮੇ ਤੋਂ ਪਹਿਲਾਂ ਜਾਂ ਦੌਰਾਨ ਵਕੀਲ ਨਿਯੁਕਤ ਕਰਨ ਦਾ ਅਧਿਕਾਰ ਹੈ।

ਪੁਗਾਜ਼ੇਂਡੀ ਕਹਿੰਦੇ ਹਨ, "ਭਾਵੇਂ ਵਕੀਲ ਪੂਰੀ ਸੁਣਵਾਈ ਦੌਰਾਨ ਮੌਜੂਦ ਨਹੀਂ ਹੋ ਸਕਦਾ, ਪਰ ਵਿਅਕਤੀ ਨੂੰ ਕੁਝ ਖ਼ਾਸ ਬਰੇਕਾਂ ਦੌਰਾਨ ਵਕੀਲ ਨਾਲ ਮਿਲਣ ਦੀ ਇਜਾਜ਼ਤ ਹੋਵੇਗੀ।"

"ਜੇਕਰ ਪੁਲਿਸ ਕਿਸੇ ਵਿਅਕਤੀ ਨੂੰ ਪੁੱਛਗਿੱਛ ਲਈ ਪੇਸ਼ ਹੋਣ ਦੌਰਾਨ ਅਪਰਾਧ ਕਬੂਲ ਕਰਨ ਲਈ ਮਜਬੂਰ ਕਰਦੀ ਹੈ, ਤਾਂ ਉਸਨੂੰ ਚੁੱਪ ਰਹਿਣ ਦਾ ਅਧਿਕਾਰ ਹੈ।"

ਉਹ ਕਹਿੰਦੇ ਹਨ, "ਸੰਵਿਧਾਨ ਦੇ ਅਨੁਛੇਦ 20(3) ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੇ ਅਨੁਛੇਦ 38 ਦੇ ਅਨੁਸਾਰ ਸਬੰਧਿਤ ਵਿਅਕਤੀ ਕਹਿ ਸਕਦਾ ਹੈ. 'ਮੈਂ ਚੁੱਪ ਰਹਿਣ ਅਤੇ ਵਕੀਲ ਨਾਲ ਗੱਲ ਕਰਨ ਦਾ ਫ਼ੈਸਲਾ ਕੀਤਾ ਹੈ'।

- ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 35(7) ਦੇ ਮੁਤਾਬਕ, ਜੇਕਰ ਕੋਈ ਵਿਅਕਤੀ ਔਰਤ, ਬਜ਼ੁਰਗ ਜਾਂ ਅਪਾਹਜ ਹੈ, ਤਾਂ ਉਸਨੂੰ ਪੁੱਛਗਿੱਛ ਲਈ ਪੁਲਿਸ ਸਟੇਸ਼ਨ ਆਉਣ ਲਈ ਨਹੀਂ ਕਿਹਾ ਜਾਣਾ ਚਾਹੀਦਾ। ਪੁਲਿਸ ਨੂੰ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਤੋਂ ਪੁੱਛਗਿੱਛ ਕਰਨੀ ਚਾਹੀਦੀ ਹੈ।
- ਉਨ੍ਹਾਂ ਨੂੰ ਸਿਰਫ਼ ਮੈਜਿਸਟ੍ਰੇਟ ਦੀ ਪੂਰਵ ਇਜਾਜ਼ਤ ਨਾਲ ਹੀ ਪੁੱਛਗਿੱਛ ਲਈ ਪੁਲਿਸ ਸਟੇਸ਼ਨ ਬੁਲਾਇਆ ਜਾ ਸਕਦਾ ਹੈ।
- ਐਕਟ ਦੀ ਧਾਰਾ 43(3) ਕਹਿੰਦੀ ਹੈ ਕਿ ਜਦੋਂ ਔਰਤਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੋਵੇ ਤਾਂ ਮਹਿਲਾ ਪੁਲਿਸ ਅਧਿਕਾਰੀਆਂ ਦਾ ਮੌਜੂਦ ਹੋਣਾ ਲਾਜ਼ਮੀ ਹੈ।



ਤਿਰੁਪੁਵਨਮ ਮੰਦਰ ਦੇ ਗਾਰਡ ਅਜੀਤ ਕੁਮਾਰ ਦੀ ਪੁਲਿਸ ਪੁੱਛਗਿੱਛ ਦੌਰਾਨ ਹੋਈ ਮੌਤ ਨੇ ਤਾਮਿਲਨਾਡੂ ਨੂੰ ਹਿਲਾ ਕੇ ਰੱਖ ਦਿੱਤਾ ਹੈ

### ਗ੍ਰਿਫ਼ਤਾਰੀ ਕਦੋਂ ਕੀਤੀ ਜਾ ਸਕਦੀ ਹੈ?

ਕਾਨੂੰਨ ਮੁਤਾਬਕ ਜੇਕਰ ਪਹਿਲੀ ਸੂਚਨਾ ਰਿਪੋਰਟ ਦਰਜ ਕੀਤੀ ਜਾਂਦੀ ਹੈ ਅਤੇ ਇਹ 7 ਸਾਲ ਤੋਂ ਵੱਧ ਦੀ ਸਜ਼ਾ ਵਾਲਾ ਅਪਰਾਧ ਹੈ (ਚੋਰੀ, ਕਤਲ), ਤਾਂ ਪੁਲਿਸ ਸ਼ਾਮਲ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ।

ਭਾਰਤੀ ਨਿਆ ਸੰਹਿਤਾ ਦੀ ਧਾਰਾ 35 ਕਹਿੰਦੀ ਹੈ ਕਿ ਜੇਕਰ ਮਾਮਲਾ 7 ਸਾਲ ਤੋਂ ਘੱਟ ਕੈਦ ਦੀ ਸਜ਼ਾ ਯੋਗ ਹੈ, ਤਾਂ ਪੁਲਿਸ ਨੂੰ ਗ੍ਰਿਫ਼ਤਾਰੀ ਤੋਂ ਬਚਣਾ ਚਾਹੀਦਾ ਹੈ ਅਤੇ ਸਿਰਫ਼ ਵਿਅਕਤੀਗਤ ਤੌਰ 'ਤੇ ਪੁੱਛਗਿੱਛ ਲਈ ਪੇਸ਼ ਹੋਣ ਲਈ ਨੋਟਿਸ ਭੇਜਣਾ ਚਾਹੀਦਾ ਹੈ।

ਗ੍ਰਿਫ਼ਤਾਰੀ ਸਿਰਫ਼ ਤਾਂ ਹੀ ਕੀਤੀ ਜਾ ਸਕਦੀ ਹੈ ਜੇਕਰ ਸਬੰਧਤ ਵਿਅਕਤੀ ਸਹਿਯੋਗ ਨਹੀਂ ਕਰਦਾ।

ਪੁਗਾਜ਼ੇਂਡੀ ਕਹਿੰਦੇ ਹਨ, "ਇਸੇ ਤਰ੍ਹਾਂ, ਭਾਵੇਂ ਇਹ ਇੱਕ ਮਾਮੂਲੀ ਅਪਰਾਧ ਹੈ ਜਿਸਦੀ ਸਜ਼ਾ 7 ਸਾਲ ਤੋਂ ਘੱਟ ਹੈ, ਪੁਲਿਸ ਉਸ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਸਬੂਤਾਂ ਨਾਲ ਛੇੜਛਾੜ ਕਰਨਗੇ ਅਤੇ ਦੁਬਾਰਾ ਅਪਰਾਧ ਕਰਨਗੇ।"

ਜੇਕਰ ਪੁਲਿਸ ਕਿਸੇ ਨੂੰ ਮਾਮੂਲੀ ਅਪਰਾਧ ਲਈ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ, ਤਾਂ ਉਨ੍ਹਾਂ ਨੂੰ ਇੱਕ ਲਿਖਤੀ ਕਾਰਨ ਦਰਜ ਕਰਵਾਉਣਾ ਪਵੇਗਾ ਕਿ ਗ੍ਰਿਫ਼ਤਾਰੀ ਕਿਉਂ ਜ਼ਰੂਰੀ ਹੈ।

ਇਸਨੂੰ ਰਿਕਾਰਡਿਡ ਜਸਟੀਫਿਕੇਸ਼ਨ ਕਿਹਾ ਜਾਂਦਾ ਹੈ।

ਇਸ ਰਿਕਾਰਡਿੰਗ ਦਾ ਬਾਅਦ ਵਿੱਚ ਅਦਾਲਤ ਦੁਆਰਾ ਵਿਸ਼ਲੇਸ਼ਣ ਕੀਤਾ ਜਾਵੇਗਾ।

ਪੁਗਾਜ਼ੇਂਡੀ ਦਾ ਕਹਿਣਾ ਹੈ ਕਿ ਇਹ ਧੋਖਾਧੜੀ, ਜਾਇਦਾਦ ਦੇ ਵਿਵਾਦਾਂ ਅਤੇ ਹਮਲੇ ਵਰਗੇ ਛੋਟੇ ਮਾਮਲਿਆਂ ਵਿੱਚ ਬੇਲੋੜੀਆਂ ਗ੍ਰਿਫ਼ਤਾਰੀਆਂ ਤੋਂ ਬਚਣ ਵਿੱਚ ਮਦਦ ਕਰਦਾ ਹੈ।

### ਗ੍ਰਿਫ਼ਤਾਰੀ ਦੌਰਾਨ ਪੁਲਿਸ ਨੂੰ ਕੀ ਕਰਨਾ ਚਾਹੀਦਾ ਹੈ?

- ਜੇਕਰ ਪੁਲਿਸ ਕਿਸੇ ਗੰਭੀਰ ਅਪਰਾਧ ਵਿੱਚ ਸ਼ਾਮਲ ਵਿਅਕਤੀ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ, ਤਾਂ ਉਸਨੂੰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀਆਂ ਧਾਰਾਵਾਂ 35, 36 ਅਤੇ 51 ਦੇ ਮੁਤਾਬਕ, ਸਬੰਧਤ ਵਿਅਕਤੀ ਨੂੰ ਉਸਦੀ ਸਮਝ ਵਾਲੀ ਭਾਸ਼ਾ ਵਿੱਚ ਗ੍ਰਿਫ਼ਤਾਰੀ ਦੇ ਕਾਰਨ ਬਾਰੇ ਸੂਚਿਤ ਕਰਨਾ ਚਾਹੀਦਾ ਹੈ।
- ਗ੍ਰਿਫ਼ਤਾਰੀ ਵਾਰੰਟ ਸਬੰਧਤ ਵਿਅਕਤੀ ਨੂੰ ਦਿਖਾਉਣਾ ਲਾਜ਼ਮੀ ਹੈ।
- ਗ੍ਰਿਫ਼ਤਾਰ ਵਿਅਕਤੀ ਦੇ ਪਰਿਵਾਰ ਜਾਂ ਰਿਸ਼ਤੇਦਾਰਾਂ ਨੂੰ ਤੁਰੰਤ ਸੂਚਿਤ ਕੀਤਾ ਜਾਣਾ ਚਾਹੀਦਾ ਹੈ।
- ਤੁਹਾਨੂੰ ਵਕੀਲ ਨਾਲ ਗੱਲ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ।
- ਪੁਲਿਸ ਹਿਰਾਸਤ ਤੋਂ ਪਹਿਲਾਂ ਅਤੇ ਬਾਅਦ ਵਿੱਚ ਡਾਕਟਰੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ।
- ਕਾਨੂੰਨ ਮੁਤਾਬਕ ਤੁਹਾਨੂੰ 24 ਘੰਟਿਆਂ ਦੇ ਅੰਦਰ ਮੈਜਿਸਟ੍ਰੇਟ ਸਾਹਮਣੇ ਪੇਸ਼ੀ ਯਕੀਨੀ ਬਣਾਉਣੀ ਹੁੰਦੀ ਹੈ।
- ਔਰਤਾਂ ਨੂੰ ਸ਼ਾਮ 6 ਵਜੇ ਤੋਂ ਸਵੇਰੇ 6 ਵਜੇ ਦੇ ਵਿਚਕਾਰ ਮੈਜਿਸਟ੍ਰੇਟ ਦੀ ਇਜਾਜ਼ਤ ਤੋਂ ਬਿਨ੍ਹਾਂ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ।
- ਬਜ਼ੁਰਗਾਂ ਅਤੇ ਅਪਾਹਜਾਂ ਵੱਲ ਵਧੇਰੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

"ਪੁਲਿਸ ਸਿਰਫ਼ ਇਸ ਲਈ ਗ੍ਰਿਫ਼ਤਾਰੀ ਨਹੀਂ ਕਰ ਸਕਦੀ ਕਿਉਂਕਿ ਐੱਫ਼ਆਈਆਰ ਵਿੱਚ ਨਾਮ ਆਉਂਦਾ ਹੈ।"

ਪੁਗਾਜ਼ੇਂਡੀ ਕਹਿੰਦੇ ਹਨ, "ਇਸਦੀ ਲੋੜ ਅਤੇ ਕਾਰਨ ਸਪਸ਼ਟ ਤੌਰ 'ਤੇ ਸਮਝਾਇਆ ਜਾਣਾ ਚਾਹੀਦਾ ਹੈ।"

"ਜੇਕਰ ਪੁਲਿਸ ਗ੍ਰਿਫ਼ਤਾਰੀ ਦੌਰਾਨ ਇਨ੍ਹਾਂ ਪ੍ਰਕਿਰਿਆਵਾਂ ਦੀ ਪਾਲਣਾ ਨਹੀਂ ਕਰਦੀ, ਤਾਂ ਤੁਸੀਂ ਅਦਾਲਤ ਵਿੱਚ ਅਪੀਲ ਕਰ ਸਕਦੇ ਹੋ।"

### ਜ਼ਮਾਨਤ ਦਾ ਅਧਿਕਾਰ

ਪੁਗਾਜ਼ੇਂਡੀ ਦਾ ਕਹਿਣਾ ਹੈ ਕਿ ਜੇਕਰ ਕਿਸੇ ਨੂੰ ਲੱਗਦਾ ਹੈ ਕਿ ਉਸਨੂੰ ਕਾਨੂੰਨ ਦੀ ਉਲੰਘਣਾ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ, ਤਾਂ ਉਹ ਕਾਰਨ ਦੱਸ ਕੇ ਅਦਾਲਤ ਵਿੱਚ ਜ਼ਮਾਨਤ ਲਈ ਅਰਜ਼ੀ ਪਾ ਸਕਦਾ ਹੈ।

ਉਹ ਕਹਿੰਦੇ ਹਨ ਕਿ ਗ਼ਲਤ ਗ੍ਰਿਫ਼ਤਾਰੀ ਬਾਰੇ ਸ਼ਿਕਾਇਤ ਜੁਡੀਸ਼ੀਅਲ ਮੈਜਿਸਟਰੇਟ, ਸੈਸ਼ਨ ਕੋਰਟ, ਰਾਜ ਮਨੁੱਖੀ ਅਧਿਕਾਰ ਕਮਿਸ਼ਨ, ਆਦਿ ਕੋਲ ਦਰਜ ਕਰਵਾਈ ਜਾ ਸਕਦੀ ਹੈ।

### ਜੇਕਰ ਹਮਲਾ ਹੋਵੇ ਤਾਂ ਕੀ ਕਰਨਾ ਹੈ?

ਪੁਗਾਜ਼ੇਂਡੀ ਕਹਿੰਦੇ ਹਨ ਕਿ ਜੇਕਰ ਕਿਸੇ ਵਿਅਕਤੀ ਜਿਸ ਨੂੰ ਪੁੱਛਗਿੱਛ ਲਈ ਲਿਜਾਇਆ ਜਾਂਦਾ ਹੈ ਜਾਂ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਅਤੇ ਪੁਲਿਸ ਉਸ ਨਾਲ ਕੁੱਟਮਾਰ ਕਰਦੀ ਹੈ ਤਾਂ ਰਾਜ ਮਨੁੱਖੀ ਅਧਿਕਾਰ ਕਮਿਸ਼ਨ, ਮੈਜਿਸਟਰੇਟ ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹਨ, ਜਾਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਸਕਦੇ ਹਨ।

ਜੇਕਰ ਕੋਈ ਪੁਲਿਸ ਅਧਿਕਾਰੀ ਵੱਲੋਂ ਇਕਬਾਲੀਆ ਬਿਆਨ ਲੈਣ ਲਈ ਕੁੱਟਮਾਰ ਕੀਤੀ ਜਾਂਦੀ ਹੈ, ਤਾਂ ਉਸ ਅਧਿਕਾਰੀ ਨੂੰ ਭਾਰਤੀ ਨਿਆਏ ਸੰਹਿਤਾ ਦੀ ਧਾਰਾ 73 ਦੇ ਤਹਿਤ 7 ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇਗੀ।

ਜੇਕਰ ਅਧਿਕਾਰੀ ਗੰਭੀਰ ਗਤੀਵਿਧੀਆਂ ਵਿੱਚ ਸ਼ਾਮਲ ਹੁੰਦਾ ਹੈ, ਤਾਂ ਉਸਨੂੰ 10 ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇਗੀ।

ਇਸੇ ਤਰ੍ਹਾਂ ਪੁਲਿਸ ਹਿਰਾਸਤ ਵਿੱਚ ਮੌਤ ਹੋਣ 'ਤੇ ਵੀ ਧਾਰਾ 103 ਤਹਿਤ ਸਖ਼ਤ ਸਜ਼ਾ ਦਿੱਤੀ ਜਾਵੇਗੀ।

### 'ਲੋਕਾਂ ਨੂੰ ਸੁਣਨ ਦੀ ਲੋੜ ਹੈ'

ਪੁਲਿਸ ਥਾਣਿਆਂ ਵਿੱਚ ਇਹ ਪ੍ਰਥਾ ਹੈ ਕਿ ਸਿਰਫ਼ ਸ਼ਿਕਾਇਤ ਪ੍ਰਾਪਤ ਕੀਤੀ ਜਾਂਦੀ ਹੈ ਅਤੇ ਪਹਿਲੀ ਜਾਣਕਾਰੀ ਰਿਪੋਰਟ ਦਰਜ ਕੀਤੇ ਬਿਨ੍ਹਾਂ ਜਾਂਚ ਕੀਤੀ ਜਾਂਦੀ ਹੈ।

ਜੇਕਰ ਤੁਸੀਂ ਪੁਲਿਸ ਸਟੇਸ਼ਨ ਤੋਂ ਕਿਸੇ ਨੂੰ ਪੁੱਛਗਿੱਛ ਲਈ ਬੁਲਾਉਂਦੇ ਹੋ, ਤਾਂ ਕੀ ਸੰਮਨ ਜਾਰੀ ਹੋਵੇਗਾ?



ਪਿਓ -ਪੁੱਤ ਜੈਰਾਜ ਅਤੇ ਪੈਨਿਕਸ ਨੂੰ ਪੁਲਿਸ ਹਿਰਾਸਤ ਵਿੱਚ ਕੁੱਟ-ਕੁੱਟ ਕੇ ਮਾਰੇ ਜਾਣ ਦੀ ਘਟਨਾ ਪੰਜ ਸਾਲ ਪਹਿਲਾਂ ਵਾਪਰੀ ਸੀ

ਮਦੁਰਾਈ 'ਐਵੀਡੈਂਸ' ਸੰਗਠਨ ਦੇ ਕਥਿਰ ਕਹਿੰਦੇ ਹਨ, "ਲੋਕਾਂ ਨੂੰ ਪਹਿਲਾਂ ਪੁੱਛਣਾ ਚਾਹੀਦਾ ਹੈ ਕਿ ਕੀ ਕੋਈ ਸੰਮਨ ਹੈ। ਸਿਰਫ਼ ਤਦ ਹੀ ਉਨ੍ਹਾਂ ਨੂੰ ਪੁੱਛਗਿੱਛ ਲਈ ਜਾਣਾ ਚਾਹੀਦਾ ਹੈ।"

ਭਾਰਤੀ ਸੰਵਿਧਾਨ ਦੀ ਧਾਰਾ 20 ਕਹਿੰਦੀ ਹੈ ਕਿ ਕਿਸੇ ਮੁਲਜ਼ਿਮ ਵਿਅਕਤੀ ਨੂੰ ਆਪਣੇ ਵਿਰੁੱਧ ਗਵਾਹੀ ਦੇਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

ਹਾਲਾਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਜਾਂਚਾਂ ਇਸ ਦੇ ਉਲਟ ਹਨ।

"ਸੁਪਰੀਮ ਕੋਰਟ ਨੇ 1997 ਵਿੱਚ ਡੀ ਕੇ ਬਾਸੂ ਮਾਮਲੇ ਵਿੱਚ 11 ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ, ਜਿਨ੍ਹਾਂ ਦੀ ਪਾਲਣਾ ਪੁਲਿਸ ਅਧਿਕਾਰੀਆਂ ਨੂੰ ਕਿਸੇ ਨੂੰ ਗ੍ਰਿਫ਼ਤਾਰ ਕਰਦੇ ਸਮੇਂ ਕਰਨੀ ਚਾਹੀਦੀ ਹੈ।"

ਉਹ ਕਹਿੰਦੇ ਹਨ, "ਵਰਦੀ ਪਹਿਨਣਾ, ਨਾਮ ਦਾ ਬੈਜ ਪਹਿਨਣਾ, ਗ੍ਰਿਫ਼ਤਾਰੀ ਨੋਟ ਦੇਣਾ, ਗ੍ਰਿਫ਼ਤਾਰੀ ਦੌਰਾਨ ਪਰਿਵਾਰਕ ਮੈਂਬਰਾਂ ਤੋਂ ਦਸਤਖ਼ਤ ਲੈਣਾ ਅਤੇ ਸੂਬੇ ਤੋਂ ਬਾਹਰ ਗ੍ਰਿਫ਼ਤਾਰ ਹੋਣ 'ਤੇ 12 ਘੰਟਿਆਂ ਦੇ ਅੰਦਰ ਪਰਿਵਾਰ ਨੂੰ ਸੂਚਿਤ ਕਰਨਾ ਸਣੇ ਕਈ ਦਿਸ਼ਾ-ਨਿਰਦੇਸ਼ ਮੌਜੂਦ ਹਨ।"

# ਮਰਾਠੀ ਭਾਸ਼ਾ ਦੇ ਮੁੱਦੇ ਨੂੰ ਲੈ ਕੇ ਰੋਸ ਮਾਰਚ 'ਚ ਭਾਰੀ ਡਰਾਮਾ

"Equality and justice"
Patiala 08 July
INTERNATIONAL PAPER, 94636 01616
hardipchumber57@gmail.com

ਮੁੰਬਈ ਨੇੜੇ ਮੀਰਾ ਭਾਯੰਦਰ 'ਚ ਉਸ ਸਮੇਂ ਭਾਰੀ ਡਰਾਮਾ ਵੇਖਣ ਨੂੰ ਮਿਲਿਆ ਜਦੋਂ ਸੈਂਕੜੇ ਲੋਕਾਂ ਨੇ ਮਰਾਠੀ 'ਅਸਮਿਤਾ' (ਮਾਣ) ਦੀ ਰੱਖਿਆ ਲਈ ਮਹਾਰਾਸ਼ਟਰ ਨਵਨਿਰਮਾਣ ਸੈਨਾ (ਐੱਮ.ਐੱਨ.ਐੱਸ.) ਦੇ ਬੈਨਰ ਹੇਠ ਰੈਲੀ ਕੀਤੀ। ਪੁਲਿਸ ਦੇ ਇਨਕਾਰ ਦੇ ਬਾਵਜੂਦ ਪ੍ਰਦਰਸ਼ਨਕਾਰੀਆਂ ਨੇ ਨਾਅਰੇਬਾਜ਼ੀ ਕਰਦਿਆਂ ਅਤੇ 'ਮੀ ਮਰਾਠੀ' ਟੋਪੀਆਂ ਪਹਿਨ ਕੇ ਮੂਲ ਰਸਤੇ ਉਤੇ ਮਾਰਚ ਕੀਤਾ। ਇਹ ਵਿਵਾਦ ਮਰਾਠੀ ਨਾ ਬੋਲਣ ਉਤੇ ਇਕ ਦੁਕਾਨਦਾਰ ਉਤੇ ਹੋਏ ਹਮਲੇ ਤੋਂ ਬਾਅਦ ਭੜਕਿਆ ਸੀ। ਸ਼ਿਵ ਸੈਨਾ-ਯੂ.ਬੀ.ਟੀ. ਅਤੇ




ਐਨ.ਸੀ.ਪੀ.-ਐਸ.ਪੀ. ਨੇਤਾਵਾਂ ਦੇ ਸਮਰਥਨ ਵਾਲੇ ਮਾਰਚ ਵਿਚ ਪੁਲਿਸ ਨੇ ਐਮ.ਐਨ.ਐਸ. ਨੇਤਾ ਅਵਿਨਾਸ਼ ਜਾਧਵ ਸਮੇਤ ਕਈ ਕਾਰਕੁਨਾਂ ਨੂੰ ਹਿਰਾਸਤ ਵਿਚ ਲਿਆ।

ਇਸ ਦੌਰਾਨ ਪ੍ਰਦਰਸ਼ਨ 'ਚ ਸ਼ਾਮਲ ਹੋਏ ਮੰਤਰੀ ਪ੍ਰਤਾਪ ਸਰਨਾਇਕ ਨੂੰ ਪ੍ਰਦਰਸ਼ਨਕਾਰੀਆਂ ਨੇ 'ਗੱਦਾਰ' ਦੇ ਨਾਅਰੇ ਲਾਉਂਦੇ ਹੋਏ ਕੁੱਟਿਆ। ਜਦਕਿ ਸਰਨਾਇਕ ਨੇ ਪੁਲਿਸ ਦੀਆਂ ਕਾਰਵਾਈਆਂ ਨੂੰ 'ਪੂਰੀ ਤਰ੍ਹਾਂ ਗਲਤ' ਦਸਦਿਆਂ ਕਿਹਾ, ''ਸਰਕਾਰ ਨੇ ਸ਼ਾਂਤਮਈ ਮੋਰਚੇ ਨੂੰ ਦਬਾਉਣ ਲਈ ਅਜਿਹੀਆਂ ਕੋਈ ਹਦਾਇਤਾਂ ਜਾਰੀ ਨਹੀਂ ਕੀਤੀਆਂ।''

ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਪੁਲਿਸ ਕਾਰਵਾਈ ਦਾ ਬਚਾਅ ਕਰਦਿਆਂ ਕਿਹਾ, ''ਮੰਗੇ ਗਏ ਰਸਤੇ ਲਈ ਇਜਾਜ਼ਤ ਦੇਣਾ ਮੁਸ਼ਕਲ ਸੀ... ਹੋ ਸਕਦਾ ਹੈ ਕਿ ਕਾਨੂੰਨ ਵਿਵਸਥਾ ਦੀ ਸਥਿਤੀ ਬਣੀ ਹੋਵੇ।'' ਜਦਕਿ ਐਮ.ਐਨ.ਐਸ. ਦੇ ਸੰਦੀਪ ਦੇਸ਼ਪਾਂਡੇ ਨੇ ਕਿਹਾ, ''ਇਹ ਸਾਡੀ ਆਵਾਜ਼ ਨੂੰ ਦਬਾਉਣ ਦੀ ਚਾਲ ਤੋਂ ਇਲਾਵਾ ਕੁੱਝ ਨਹੀਂ ਹੈ।''

ਇਹ ਵਿਵਾਦ ਉਸ ਸਮੇਂ ਪੈਦਾ ਹੋਇਆ ਹੈ ਜਦੋਂ ਹਿੰਦੀ ਨੂੰ ਤੀਜੀ ਪ੍ਰਾਇਮਰੀ ਸਕੂਲ ਭਾਸ਼ਾ ਵਜੋਂ ਪੇਸ਼ ਕਰਨ ਵਾਲੇ ਸਰਕਾਰੀ ਹੁਕਮ ਨੂੰ ਰੱਦ ਕਰ ਦਿਤਾ ਗਿਆ ਹੈ। ਇਸ ਮੁੱਦੇ 'ਤੇ ਊਧਵ ਅਤੇ ਰਾਜ ਠਾਕਰੇ ਦੇ ਦਹਾਕਿਆਂ ਬਾਅਦ ਸਿਆਸੀ ਤੌਰ ਉਤੇ ਇਕੱਠੇ ਹੋ ਗਏ ਹਨ, ਜਿਸ ਨਾਲ ਮਹਾਰਾਸ਼ਟਰ ਦੀਆਂ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਭਾਸ਼ਾ ਦੀ ਸਿਆਸਤ ਤੇਜ਼ ਹੋ ਗਈ ਹੈ।

# ਅੰਬੇਡਕਰ ਭਵਨ ਵਿਖੇ ਐਲ.ਆਰ. ਬਾਲੀ ਨੂੰ ਭਾਵੁਕ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ

"Equality and justice"
Patiala 08 July
INTERNATIONAL PAPER, 94636 01616
hardipchumber57@gmail.com




ਜਲੰਧਰ 8 ਜੁਲਾਈ( ਜੇ. ਐਸ. ਸੋਢੀ ) ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਉੱਘੇ ਅੰਬੇਡਕਰਵਾਦੀ, ਮਹਾਨ ਚਿੰਤਕ, ਨਿਡਰ ਬੁਲਾਰੇ, ਭੀਮ ਪੱਤ੍ਰਕਾ ਦੇ ਸੰਪਾਦਕ ਸ੍ਰੀ ਐਲ. ਆਰ. ਬਾਲੀ ਦੀ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ। ਅੰਬੇਡਕਰ ਭਵਨ ਟਰੱਸਟ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਮੈਂਬਰਾਂ ਵੱਲੋਂ ਸ੍ਰੀ ਐਲ ਆਰ ਬਾਲੀ ਨੂੰ ਭਾਵੁਕ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੁਸਾਇਟੀ ਦੇ ਸਰਪ੍ਰਸਤ ਅਤੇ ਟਰੱਸਟ ਦੇ ਚੇਅਰਮੈਨ ਸੋਹਨ ਲਾਲ N ਨੇ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਬਾਲੀ ਸਾਹਿਬ ਨੇ ਪੰਜਾਬ ਵਿੱਚ ਬਾਬਾ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਦਾ ਮੁੱਢ ਬੰਨਿਆ। ਉਹਨਾਂ ਨੇ ਆਪਣੀਆਂ ਪ੍ਰੇਰਨਾਦਾਇਕ ਲਿਖਤਾਂ ਰਾਹੀਂ ਜਨ-ਚੇਤਨਾ ਪੈਦਾ ਕਰਨ ਦਾ ਬੇਮਿਸਾਲ ਯਤਨ ਕੀਤਾ। ਉਹਨਾਂ ਕਿਹਾ ਕਿ ਬਾਲੀ ਸਾਹਿਬ ਦਾ ਪੂਰਾ ਜੀਵਨ ਪੀੜਤ ਤੇ ਸਤਾਏ ਹੋਏ ਲੋਕਾਂ ਪ੍ਰਤੀ ਸਮਰਪਿਤ ਸੀ। ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੋਫੈਸਰ ਬਲਬੀਰ ਨੇ ਆਪਣੇ ਸੰਬੋਧਨ ਵਿੱਚ ਬਾਲੀ ਜੀ ਨੂੰ ਅੰਬੇਡਕਰੀ ਵਿਚਾਰਧਾਰਾ ਦਾ ਮਹਾਨ ਚਿੰਤਕ ਦੱਸਦਿਆਂ ਲੋਕ ਸੰਘਰਸ਼ ਵਿੱਚ ਪਾਏ ਗਏ ਉਹਨਾਂ ਦੇ ਭਰਪੂਰ ਯੋਗਦਾਨ ਅਤੇ ਉਹਨਾਂ ਵੱਲੋਂ ਆਪਣੀਆਂ ਅਨੇਕ ਪੁਸਤਕਾਂ ਰਾਹੀਂ ਤਤਕਾਲੀਨ ਨੌਜਵਾਨ ਵਰਗ ਵਿੱਚ ਜੋਸ਼ ਅਤੇ ਉਤਸ਼ਾਹ ਦੀ ਨਵੀਂ ਚੇਤਨਾ ਪੈਦਾ ਕਰਨ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸੁਸਾਇਟੀ ਦੇ ਸਰਪ੍ਰਸਤ ਅਤੇ ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਬਾਲੀ ਸਾਹਿਬ ਉਹਨਾਂ ਕੁਝ ਇੱਕ ਮੁਢਲੇ ਅੰਬੇਡਕਰਵਾਦੀਆਂ ਵਿੱਚੋਂ ਸਨ, ਜਿਨ੍ਹਾਂ ਨੇ ਪੰਜਾਬ ਵਿੱਚ ਅੰਬੇਡਕਰੀ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਦੀ ਨੀਂਹ ਰੱਖੀ। ਜਬਰਦਸਤ ਵਿਰੋਧੀ ਸ਼ਕਤੀਆਂ ਦੇ ਬਾਵਜੂਦ ਨਾ ਸਿਰਫ ਪੰਜਾਬ ਵਿੱਚ, ਬਲਕਿ ਅਨੇਕ ਅੰਦੋਲਨਾਂ ਦੀ ਅਗਵਾਈ ਕਰਨ ਤੋਂ ਇਲਾਵਾ ਅਥਾਹ ਲਿਟਰੇਚਰ ਦੀ ਸਿਰਜਣਾ ਕਰਕੇ ਪੂਰੇ ਭਾਰਤ ਵਿੱਚ ਬਾਬਾ ਸਾਹਿਬ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਇਆ। ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਬਾਲੀ ਸਾਹਿਬ ਵੱਲੋਂ 6 ਦਸੰਬਰ, 1956 ਨੂੰ ਬਾਬਾ ਸਾਹਿਬ ਦੇ ਪਰਿਨਿਰਵਾਣ ਸਮੇਂ ਸਰਕਾਰੀ ਨੌਕਰੀ ਤੋਂ ਤਿਆਗ ਪੱਤਰ ਦੇਣ ਉਪਰੰਤ ਲਗਾਤਾਰ ਕੀਤੇ ਗਏ ਲੋਕ ਸੰਘਰਸ਼ ਨੂੰ ਯਾਦ ਕੀਤਾ। ਉਹਨਾਂ ਕਿਹਾ 1958 ਵਿੱਚ ਹਿੰਦੀ ਵਿੱਚ 'ਭੀਮ ਪਤ੍ਰਿਕਾ' ਸ਼ੁਰੂ ਕਰਕੇ ਬਾਲੀ ਜੀ ਨੇ ਪੂਰੇ ਭਾਰਤ ਵਿੱਚ ਅੰਬੇਡਕਰੀ ਵਿਚਾਰਧਾਰਾ ਪ੍ਰਤੀ ਚੇਤਨਾ ਪੈਦਾ ਕਰਨ ਦਾ ਅਹਿਮ ਯਤਨ ਸ਼ੁਰੂ ਕੀਤਾ। 1964 ਵਿੱਚ ਆਰਪੀਆਈ ਵੱਲੋਂ ਸ਼ੁਰੂ ਕੀਤੇ ਗਏ ਮੋਰਚੇ ਸਮੇਂ ਉਹਨਾਂ ਨੇ ਆਪਣੇ ਸੈਂਕੜੇ ਸਾਥੀਆਂ ਸਮੇਤ ਗ੍ਰਿਫਤਾਰੀ ਦੇ ਕੇ ਪੂਰੇ ਪਰਿਵਾਰ ਸਮੇਤ 70 ਦਿਨ ਜੇਲ ਕੱਟੀ। ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਵਜੋਂ ਨਿਭਾਏ ਗਏ ਰੋਲ, ਪੰਜਾਬ ਵਿੱਚ ਦਲਿਤਾਂ ਉੱਪਰ ਹੁੰਦੇ ਅੱਤਿਆਚਾਰਾਂ ਵਿਰੁੱਧ ਕੀਤੀ ਜਾਂਦੀ ਨਿਰੰਤਰ ਜਦੋ-ਜਹਿਦ, 1982 ਨੂੰ ਬਾਬਾ ਸਾਹਿਬ ਦੇ ਜਨਮਦਿਨ ਦੀ ਗ਼ਜ਼ੇਟਿਡ ਛੁੱਟੀ ਲਈ ਕੀਤੇ ਸੰਘਰਸ਼ ਅਤੇ ਤੱਲ੍ਹਣ ਕਾਂਡ ਵਰਗੇ ਅਨੇਕ ਮੋਰਚੇ ਲਾ ਕੇ ਦਲਿਤ ਅਧਿਕਾਰਾਂ ਦੀ ਪ੍ਰਾਪਤੀ ਹਿੱਤ ਕੀਤੇ ਯਤਨਾਂ ਨੂੰ ਯਾਦ ਕੀਤਾ। ਸ੍ਰੀ ਜਸਵਿੰਦਰ ਵਰਿਆਣਾ, ਪਰਮਿੰਦਰ ਸਿੰਘ ਖੁੱਤਣ, ਡਾ. ਚਰਨਜੀਤ ਸਿੰਘ. ਗੌਤਮ ਸਾਂਪਲਾ ਅਤੇ ਡਾ. ਮਹਿੰਦਰ ਸੰਧੂ ਨੇ ਵੀ ਸ੍ਰੀ ਐਲ ਆਰ ਬਾਲੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ਼ ਨੇ ਵੀ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਭ ਦਾ ਧੰਨਵਾਦ ਕਰਦਿਆਂ ਉਹਨਾਂ ਕਿਹਾ ਕਿ ਬਾਲੀ ਸਾਹਿਬ ਨੇ ਸਮਾਜ ਵਾਸਤੇ ਜੋ ਕਾਰਜ ਕੀਤੇ ਹਨ ਉਹਨਾਂ ਕਰਕੇ ਬਾਲੀ ਸਾਹਿਬ ਦਾ ਨਾਮ ਸਦੀਵੀ ਬਣ ਗਿਆ ਹੈ ਅਤੇ ਜਦ ਤੱਕ ਸੂਰਜ ਚੰਦ ਰਹੇਗਾ ਉਦੋਂ ਤੱਕ ਬਾਲੀ ਸਾਹਿਬ ਦਾ ਨਾਮ ਰਹੇਗਾ। ਇਸ ਮੌਕੇ ਨਿਰਮਲ ਸਿੰਘ ਬਿੰਜੀ, ਅਸ਼ਵਨੀ ਕੁਮਾਰ, ਰਮੇਸ਼ ਬੰਗੜ ਅਤੇ ਵਿੱਕੀ ਆਦਿ ਹਾਜਰ ਸਨ।

# ਬਾਬੂ ਕਾਂਸ਼ੀ ਰਾਮ ਸਮਾਜ ਭਲਾਈ ਸੰਸਥਾ ਰਜਿ: ਨੇ ਹੋਣਹਾਰ ਬੱਚੀਆਂ ਨੂੰ ਸਨਮਾਨਿਤ ਕੀਤਾ

"Equality and justice"
